
FARM AND SPICE
Open 7 Days a Week
8.30 am to 9.00 pm
SPECIAL OFFERS: 9-15 FEB
Daily Specials on
ਧਨੀਆ
Cilantro
79¢ each
ਚੁਕੰਦਰ
Beets
$1.29 /lb
ਸੰਤਰਾ ਛੋਟਾ/ਵਡਾ
Orange Small/Large
$1.49 /lb
ਹਰੇ/ਪੀਲੇ ਨਿੰਬੂ
Lime/Lemon
2 for $1.00
ਘੀਆ
Opo Long
$1.49 /lb
ਆਵੋਕਾਡੋ
Avocado
99¢ each
ਸੈਲਰੀ
Celery
$1.99 each
ਅਦਰਕ
Ginger
$1.99 /lb
ਲੈਟਿਸ ਹੈੱਡ
Lettuce Head
$1.99 each
ਸਰੋਂ ਦਾ ਤੇਲ
Gagan
Mustard Oil
250ml
$1.49 each
ਮੈਂਗੋ ਜੂਸ
ITN
Mango Juice
1.5Ltr
$2.99 each
ਪਾਰਲੀਮੈਂਟ ਚਾਵਲ
Parliament
Basmati Rice
8 lb
$7.99 each
ਸਰੋਂ ਦਾ ਸਾਗ
Sohna
Saron Da Saag
850g
$3.99 each
ਸ਼ਹਿਦ
Mothers Love
Honey
900 g
$7.99 each
ਮੇਰੀ ਚਾਹ
Meri Chai
Tea Bags
216Bags
$5.49 each
ਐਸੌਟਿਡ ਰੱਸ
Aap Ki Pasand
Assorted Rusk
600g
$3.99 each
AMA Products at
lowest Price
Disposable 7' Spoons
20pcs
$1.29 each
40pcs
$3.99 each
7' Round Plates
9 oz paper cups
50pcs
$3.99 each
40pcs
$9.99 each
6 Compartment cornstarch trays
ਆਈ ਟੀ ਐਨ ਚਾਵਲ
ITN Basmati
Super Long Rice
8 lb
$9.99 each
ਰੈਡ ਲੇਬਲ ਚਾਹ
Red Label
Tea
216 bags
$12.99 each
ਕਨੋਲਾ ਤੇਲ
Canola Harvest
Canola Oil
3 ltr
$12.99 each
ਆਸ਼ੀਰਵਾਦ ਆਟਾ
Aashriwad
Whole Wheat Atta
20 lb
$19.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਮੰਦਰਾਂ 'ਚ ਗੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ, ਹਾਈ ਕੋਰਟ ਨੇ ਕਿਹਾ:ਮੰਦਿਰ "ਸੈਰ-ਸਪਾਟਾ ਜਾਂ ਪਿਕਨਿਕ ਸਪਾਟ" ਨਹੀਂ

ਮਦਰਾਸ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਅਰੁਲਮਿਗੂ ਪਾਲਾਨੀ ਧਨਾਦਯੁਥਾਪਾਨੀ ਸਵਾਮੀ ਮੰਦਰ ਅਤੇ ਇਸ ਦੇ ਉਪ-ਮੰਦਰਾਂ ਵਿੱਚ ਸਿਰਫ਼ ਹਿੰਦੂਆਂ ਨੂੰ ਹੀ ਦਾਖ਼ਲ ਹੋਣ ਦਿੱਤਾ ਜਾਵੇ। ਪਟੀਸ਼ਨ ਨੂੰ ਸਵੀਕਾਰ ਕਰਦੇ ਹੋਏ ਹਾਈਕੋਰਟ ਨੇ ਬੀਤੇ ਦਿਨੀਂ ਮੰਦਰਾਂ 'ਚ ਪ੍ਰਵੇਸ਼ ਨੂੰ ਲੈ ਕੇ ਵੱਡਾ ਆਦੇਸ਼ ਦਿੱਤਾ ਹੈ।ਹਾਈ ਕੋਰਟ ਨੇ ਕਿਹਾ ਕਿ ਮੰਦਿਰ "ਸੈਰ-ਸਪਾਟਾ ਜਾਂ ਪਿਕਨਿਕ ਸਪਾਟ" ਨਹੀਂ ਹੈ, ਅਤੇ ਗੈਰ-ਹਿੰਦੂ ਤਾਮਿਲਨਾਡੂ ਦੇ ਮੰਦਰਾਂ ਵਿੱਚ ਦਾਖਲ ਨਹੀਂ ਹੋ ਸਕਦੇ ਹਨ।ਹਾਈਕੋਰਟ ਦੀ ਮਦੁਰਾਈ ਬੈਂਚ ਦੇ ਜਸਟਿਸ ਐੱਸ. ਸ਼੍ਰੀਮਤੀ ਨੇ ਆਪਣੇ ਹੁਕਮ 'ਚ ਸੂਬੇ ਦੇ ਹਿੰਦੂ ਧਾਰਮਿਕ ਅਤੇ ਚੈਰੀਟੇਬਲ ਐਂਡੋਮੈਂਟਸ ਵਿਭਾਗ ਦੇ ਅਧਿਕਾਰੀਆਂ ਨੂੰ ਮੰਦਰਾਂ ਦੇ ਪ੍ਰਵੇਸ਼ ਦੁਆਰ ਉਪਰ ਬੋਰਡ ਲਗਾਉਣ ਦੇ ਨਿਰਦੇਸ਼ ਦਿੱਤੇ ਹਨ, ਜਿਨ੍ਹਾਂ 'ਚ ਲਿਖਿਆ ਹੋਵੇ ਕਿ ਗੈਰ-ਹਿੰਦੂਆਂ ਨੂੰ ਮੰਦਰ ਵਿਚ ਆਉਣ ਦੀ ਇਜ਼ਾਜਤ ਨਹੀਂ ਹੈ।

ਡੀ.ਸੇਂਥਿਲ ਕੁਮਾਰ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਜਸਟਿਸ ਐਸ ਸ੍ਰੀਮਤੀ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਗੈਰ-ਹਿੰਦੂ ਮੰਦਰ ਵਿਚ ਦਾਖ਼ਲ ਹੁੰਦਾ ਹੈ ਤਾਂ ਉਸ ਨੂੰ ਹਲਫ਼ਨਾਮਾ ਦੇਣਾ ਹੋਵੇਗਾ ਕਿ ਉਹ ਦੇਵੀ-ਦੇਵਤਿਆਂ 'ਚ ਵਿਸ਼ਵਾਸ ਰੱਖਦਾ ਹੈ ਅਤੇ ਹਿੰਦੂ ਧਰਮ ਦੀਆਂ ਰਵਾਇਤਾਂ ਦਾ ਪਾਲਣ ਕਰਨ ਲਈ ਤਿਆਰ ਹੈ।

ਅਦਾਲਤ ਨੇ ਸੁਣਵਾਈ ਦੌਰਾਨ ਕਿਹਾ ਕਿ ਹਿੰਦੂਆਂ ਨੂੰ ਵੀ ਆਪਣੇ ਧਰਮ ਨੂੰ ਮੰਨਣ ਅਤੇ ਉਸਦਾ ਪਾਲਣ ਕਰਨ ਦਾ ਅਧਿਕਾਰ ਹੈ। ਅਦਾਲਤ ਨੇ ਕਿਹਾ ਕਿ ਮੰਦਰ ਨੂੰ ਸੈਰ-ਸਪਾਟਾ ਸਥਾਨ ਨਹੀਂ ਮੰਨਿਆ ਜਾਣਾ ਚਾਹੀਦਾ। ਮੰਦਰ ਵਿੱਚ ਪੂਜਾ ਤੋਂ ਇਲਾਵਾ ਹੋਰ ਕੁਝ ਕਰਨਾ ਠੀਕ ਨਹੀਂ ਹੈ।ਭਗਵਾਨ ਮੁਰੂਗਨ ਮੰਦਿਰ ਡਿੰਡੀਗੁਲ ਜ਼ਿਲ੍ਹੇ ਦੇ ਪਲਾਨੀ ਵਿਖੇ ਸਥਿਤ ਹੈ।

ਜਸਟਿਸ ਐੱਸ ਸ਼੍ਰੀਮਤੀ ਨੇ ਆਪਣੇ ਹੁਕਮਾਂ ਵਿਚ ਤਾਮਿਲਨਾਡੂ ਸਰਕਾਰ ਨੂੰ ਕਿਹਾ ਕਿ ਮੰਦਰਾਂ ਨੂੰ ਰੀਤੀ-ਰਿਵਾਜਾਂ ਮੁਤਾਬਕ ਸੰਭਾਲਿਆ ਜਾਣਾ ਚਾਹੀਦਾ ਹੈ। ਹਾਈ ਕੋਰਟ ਨੇ ਕਿਹਾ ਕਿ ਮੰਦਰ ਸੰਵਿਧਾਨ ਦੀ ਧਾਰਾ 15 ਦੇ ਤਹਿਤ ਨਹੀਂ ਆਉਂਦੇ, ਇਸ ਲਈ ਗੈਰ-ਹਿੰਦੂਆਂ ਦੇ ਦਾਖਲੇ 'ਤੇ ਲਗਾਈ ਗਈ ਪਾਬੰਦੀ ਨੂੰ ਗੈਰ-ਵਾਜਬ ਨਹੀਂ ਮੰਨਿਆ ਜਾ ਸਕਦਾ।ਆਪਣੀ ਪਟੀਸ਼ਨ ਵਿਚ ਸੇਂਥਿਲ ਕੁਮਾਰ ਨੇ ਮੰਦਰ ਦੇ ਨੋਟਿਸ ਬੋਰਡ ਨੂੰ ਹਟਾਉਣ 'ਤੇ ਇਤਰਾਜ਼ ਜਤਾਇਆ ਸੀ। ਬੋਰਡ 'ਤੇ ਲਿਖੇ ਸੰਦੇਸ਼ 'ਚ ਗੈਰ-ਹਿੰਦੂਆਂ ਦੇ ਮੰਦਰ 'ਚ ਦਾਖਲ ਹੋਣ 'ਤੇ ਪਾਬੰਦੀ ਲਗਾਉਣ ਦੀ ਗੱਲ ਕੀਤੀ ਗਈ ਸੀ।ਉਨ੍ਹਾਂ ਨੇ ਇਸ ਬੋਰਡ ਨੂੰ ਬਹਾਲ ਕਰਨ ਦੀ ਮੰਗ ਕਰਦੇ ਹੋਏ ਪਟੀਸ਼ਨ ਦਾਇਰ ਕੀਤੀ ਸੀ। ਜਸਟਿਸ ਐਸ ਸ਼੍ਰੀਮਤੀ ਨੇ ਸੁਣਵਾਈ ਤੋਂ ਬਾਅਦ, ਬੈਨਰ ਨੂੰ ਦੁਬਾਰਾ ਲਗਾਉਣ ਦੇ ਆਦੇਸ਼ ਦਿੱਤੇ, ਕਿ ਗੈਰ-ਹਿੰਦੂਆਂ ਦੇ ਦਾਖਲੇ 'ਤੇ ਪਾਬੰਦੀ ਹੈ।

ਦਰਅਸਲ, ਪਟੀਸ਼ਨਕਰਤਾ ਸੇਂਥਿਲ ਕੁਮਾਰ ਅਰੁਲਮਿਗੂ ਪਲਾਨੀ ਧਨਾਦਯੁਤਪਾਨੀ ਸਵਾਮੀ ਮੰਦਰ ਦੇ ਨੇੜੇ ਦੁਕਾਨ ਚਲਾਉਂਦੇ ਹਨ। ਉਨ੍ਹਾਂ ਕਿਹਾ ਕਿ ਕੁਝ ਗੈਰ-ਹਿੰਦੂਆਂ ਨੇ ਜ਼ਬਰਦਸਤੀ ਮੰਦਰ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਸੀ।ਉਨ੍ਹਾਂ ਕਿਹਾ ਕਿ ਉਹ ਉਥੇ ਪਿਕਨਿਕ ਮਨਾਉਣ ਆਏ ਸਨ, ਜਦੋਂ ਅਧਿਕਾਰੀਆਂ ਨੇ ਉਨ੍ਹਾਂ ਨਾਲ ਬਹਿਸ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਸੈਰ ਸਪਾਟਾ ਸਥਾਨ ਹੈ ਅਤੇ ਕਿਤੇ ਵੀ ਇਹ ਨਹੀਂ ਲਿਖਿਆ ਕਿ ਗੈਰ-ਹਿੰਦੂਆਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੈ। ਇਸ ਤੋਂ ਬਾਅਦ ਉਸ ਨੇ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ, ਜਿਸ ਤੋਂ ਬਾਅਦ ਹਾਈਕੋਰਟ ਨੇ ਇਹ ਹੁਕਮ ਦਿੱਤਾ।

# ਜਥੇਦਾਰ ਕਾਉਂਕੇ ਕਤਲ ਮਾਮਲਾ

## ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਤੇ ਸਬੰਧਤ ਤਤਕਾਲੀ ਪੁਲਿਸ ਅਧਿਕਾਰੀਆਂ ਨੂੰ ਨੋਟਿਸ



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਮਾਮਲੇ ਵਿੱਚ ਪੰਜਾਬ ਪੁਲਿਸ ਦੇ ਸਬੰਧਤ ਤਤਕਾਲੀ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ 9 ਅਪ੍ਰੈਲ 2024 ਨੂੰ ਅਗਲੀ ਸੁਣਵਾਈ ਤੈਅ ਕੀਤੀ ਹੈ।ਮਾਨਯੋਗ ਉੱਚ ਅਦਾਲਤ ਵਿੱਚ ਜਥੇਦਾਰ ਕਾਉਂਕੇ ਦੇ ਪਰਿਵਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਹ ਪਟੀਸ਼ਨ ਸੀਨੀਅਰ ਐਡਵੋਕਟ ਸ. ਪੂਰਨ ਸਿੰਘ ਹੁੰਦਲ ਰਾਹੀਂ ਦਾਇਰ ਕੀਤੀ ਗਈ ਸੀ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਕਾਨੂੰਨੀ ਵਿੰਗ ਦੇ ਮੁਖੀ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਸਬੰਧੀ ਸਾਬਕਾ ਆਈਪੀਐੱਸ ਬੀਪੀ ਤਿਵਾੜੀ ਦੀ ਰਿਪੋਰਟ ਸਾਹਮਣੇ ਆਉਣ ਮਗਰੋਂ ਮਾਨਯੋਗ ਉੱਚ ਅਦਾਲਤ ਵਿੱਚ ਪਾਈ ਪਟੀਸ਼ਨ 'ਤੇ ਅੱਜ ਅਹਿਮ ਸੁਣਵਾਈ ਹੋਈ ਹੈ, ਜਿਸ ਤਹਿਤ ਪੰਜਾਬ ਸਰਕਾਰ ਅਤੇ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਤਤਕਾਲੀ ਪੁਲਿਸ ਅਫ਼ਸਰਾਂ ਵੱਲੋਂ ਮਾਨਯੋਗ ਉੱਚ ਅਦਾਲਤ ਅੰਦਰ ਉਸ ਸਮੇਂ ਗਲਤ ਹਲਫਨਾਮੇ ਦਾਇਰ ਕਰਕੇ ਇਹ ਕਿਹਾ ਗਿਆ ਸੀ ਕਿ ਜਥੇਦਾਰ ਕਾਉਂਕੇ ਪੁਲਿਸ ਹਿਰਾਸਤ ਵਿੱਚ ਨਹੀਂ ਹਨ। ਇਸ ਨੂੰ ਚੁਣੌਤੀ ਦਿੰਦਿਆਂ ਜਥੇਦਾਰ ਕਾਉਂਕੇ ਦੇ ਪਰਿਵਾਰ ਰਾਹੀਂ ਪਾਈ ਪਟੀਸ਼ਨ 'ਤੇ ਉੱਚ ਅਦਾਲਤ ਨੇ ਮਾਮਲੇ 'ਤੇ ਸੁਣਵਾਈ ਸ਼ੁਰੂ ਕਰਦਿਆਂ ਨੋਟਿਸ ਜਾਰੀ ਕੀਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 9 ਅਪ੍ਰੈਲ 2024 ਨਿਰਧਾਰਿਤ ਕੀਤੀ ਗਈ ਹੈ। ਐਡਵੋਕੇਟ ਸਿਆਲਕਾ ਨੇ ਦੱਸਿਆ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕਾਨੂੰਨੀ ਮਾਹਰਾਂ ਦੀ 5-ਮੈਂਬਰੀ ਕਮੇਟੀ ਬਣਾ ਕੇ ਪੈਰਵਾਈ ਦੀ ਜ਼ੁੰਮੇਵਾਰੀ ਸੌਂਪੀ ਸੀ, ਜਿਸ ਤਹਿਤ ਕਾਰਵਾਈ ਅੱਗੇ ਵਧਾਈ ਜਾ ਰਹੀ ਹੈ।

# ਕਮਲਨਾਥ ਵਿਰੁੱਧ ਦਾਇਰ ਪਟੀਸ਼ਨ 'ਤੇ ਰੀਪੋਰਟ ਦਾਇਰ ਕਰਨ ਲਈ ਵਿਸ਼ੇਸ਼ ਜਾਂਚ ਟੀਮ ਨੂੰ ਮਿਲਿਆ ਸਮਾਂ

ਨਵੀਂ ਦਿੱਲ:ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਇਕ ਮਾਮਲੇ 'ਚ ਕਥਿਤ ਸ਼ਮੂਲੀਅਤ ਦੇ ਦੋਸ਼ 'ਚ ਕਾਂਗਰਸ ਨੇਤਾ ਕਮਲਨਾਥ ਵਿਰੁਧ ਕਾਰਵਾਈ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੂੰ ਸਥਿਤੀ ਰੀਪੋਰਟ ਦਾਇਰ ਕਰਨ ਲਈ ਹੋਰ ਸਮਾਂ ਦਿਤਾ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ 23 ਅਪ੍ਰੈਲ ਲਈ ਤੈਅ ਕੀਤੀ। ਜਸਟਿਸ ਸਵਰਨ ਕਾਂਤਾ ਸ਼ਰਮਾ ਨੂੰ ਦਸਿਆ ਗਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਨੇ ਭਾਜਪਾ ਦੇ ਮਨਜਿੰਦਰ ਸਿੰਘ ਸਿਰਸਾ ਵਲੋਂ ਦਾਇਰ ਪਟੀਸ਼ਨ 'ਤੇ ਅਜੇ ਤਕ ਅਪਣੀ ਸਟੇਟਸ ਰੀਪੋਰਟ ਦਾਇਰ ਨਹੀਂ ਕੀਤੀ ਹੈ। 27 ਜਨਵਰੀ, 2022 ਨੂੰ ਹਾਈ ਕੋਰਟ ਨੇ ਐੱਸ. ਆਈ.ਟੀ. ਨੂੰ ਪਟੀਸ਼ਨ 'ਤੇ ਸਥਿਤੀ ਰੀਪੋਰਟ ਦਾਇਰ ਕਰਨ ਲਈ ਕਿਹਾ ਸੀ।ਮੰਗਲਵਾਰ ਨੂੰ ਐੱਸ.ਆਈ.ਟੀ. ਦੇ ਵਕੀਲ ਨੇ ਰੀਕਾਰਡਾਂ ਦਾ ਪ੍ਰਗਟਾਵਾ ਕਰਨ ਦਾ ਹਵਾਲਾ ਦਿੰਦੇ ਹੋਏ ਰੀਪੋਰਟ ਦਾਇਰ ਕਰਨ ਲਈ ਅਦਾਲਤ ਤੋਂ ਹੋਰ ਸਮਾਂ ਮੰਗਿਆ। ਇਹ ਮਾਮਲਾ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ 'ਤੇ ਹਮਲਾ ਕਰਨ ਵਾਲੀ ਭੀੜ ਨਾਲ ਸਬੰਧਤ ਹੈ। ਕਾਂਗਰਸ ਨੇਤਾ ਕਮਲਨਾਥ ਨੇ ਅਪਣੇ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਸਿਰਸਾ ਨੇ 1984 'ਚ ਸੰਸਦ ਸਟਰੀਟ ਥਾਣੇ 'ਚ ਦਰਜ ਐਫ.ਆਈ.ਆਰ. ਦੇ ਸਬੰਧ 'ਚ ਕਮਲਨਾਥ ਵਿਰੁਧ ਕਾਰਵਾਈ ਕਰਨ ਲਈ ਐੱਸ.ਆਈ.ਟੀ. ਨੂੰ ਹੁਕਮ ਦੇਣ ਦੀ ਮੰਗ ਕੀਤੀ ਹੈ। ਇਸ ਮਾਮਲੇ 'ਚ ਪੰਜ ਵਿਅਕਤੀਆਂ ਨੂੰ ਦੋਸ਼ੀ ਬਣਾਇਆ ਗਿਆ ਸੀ ਅਤੇ ਉਹ ਕਥਿਤ ਤੌਰ 'ਤੇ ਕਮਲਨਾਥ ਦੇ ਘਰ ਰਹਿ ਰਹੇ ਸਨ।










# ਡਾ. ਗੁਰਵਿੰਦਰ ਸਿੰਘ ਲਗਾਤਾਰ 10ਵੀਂ ਵਾਰ ਬਣੇ ਬਿਹਤਰੀਨ ਰਿਐਲਟਰ

## 2024 ਸਾਲਾਨਾ ਰੀਅਲ ਅਸਟੇਟ ਐਵਾਰਡ ਸਮਾਗਮ ਵਿੱਚ ਪਲੈਨਟ ਗਰੁੱਪ ਦਸ ਸਾਲਾ ਮਡੈਲੀਅਨ ਐਵਾਰਡ ਨਾਲ ਸਨਮਾਨਿਤ



ਲੈਂਗਲੀ : ਪਲੈਨਟ ਗਰੁੱਪ ਰਿਐਲਿਟੀ ਵੱਲੋਂ ਸਾਲਾਨਾ ਅਵਾਰਡ ਸਮਾਗਮ 2024 ਇੱਥੋਂ ਦੇ ਲੈਂਗਲੀ ਬੈਂਕੁਟ ਹਾਲ ਵਿੱਚ ਕਰਵਾਇਆ ਗਿਆ। ਇਸ ਮੌਕੇ 'ਤੇ ਰੀਅਲ ਅਸਟੇਟ ਅਤੇ ਮੀਡੀਆ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਡਾ. ਗੁਰਵਿੰਦਰ ਸਿੰਘ ਨੇ ਲਗਾਤਾਰ 10ਵੀਂ ਵਾਰ 'ਬਿਹਤਰੀਨ ਰਿਐਲਟਰ' ਵਜੋਂ ਇਨਾਮ ਹਾਸਿਲ ਕੀਤਾ। ਉਨ੍ਹਾਂ ਨੂੰ ਦਸ ਸਾਲਾ ਪਲੈਨਿਟ ਗਰੁੱਪ ਮਡੈਲੀਅਨ ਆਊਟਸਟੈਂਡਿੰਗ ਐਵਾਰਡ' ਦੇ ਕੇ ਸਨਮਾਨਤ ਕੀਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਫਰੇਜ਼ਰ ਵੈਲੀ ਰੀਅਲ ਅਸਟੇਟ ਬੋਰਡ ਦੇ ਚਾਰ ਹਜ਼ਾਰ ਤੋਂ ਵੱਧ ਮੈਂਬਰਾਂ ਵਿੱਚੋਂ ਡਾ. ਗੁਰਵਿੰਦਰ ਸਿੰਘ 2017 ਸੇਲਜ਼ ਤੇ 2021 ਸਾਲ ਲਈ 'ਸੇਲਜ਼ ਅਤੇ ਡਾਲਰ ਵਾਲੀਅਮ' 'ਚ ਪਹਿਲੇ ਸਥਾਨ 'ਤੇ ਆਏ ਹਨ। ਪਲੈਨਟ ਗਰੁੱਪ ਦੀ ਸਮੁੱਚੀ ਮੈਨੇਜਮੈਂਟ ਦਾ ਧੰਨਵਾਦ ਕਰਦਿਆਂ ਡਾ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਹ ਆਪਣੇ ਸਮੂਹ ਭਾਈਚਾਰੇ ਦੇ ਲਗਾਤਾਰ ਸਤਾਰਾਂ ਵਰ੍ਹਿਆਂ ਤੋਂ ਮਿਲ ਰਹੇ ਸਹਿਯੋਗ ਸਦਕਾ ਬੇਮਿਸਾਲ ਸਫ਼ਲਤਾ ਲਈ ਧੰਨਵਾਦੀ ਹਨ। ਡਾ. ਗੁਰਵਿੰਦਰ ਸਿੰਘ ਨਾਲ 604 825 1550 'ਤੇ ਵਿਚਾਰਕ ਸਾਂਝ ਲਈ ਸੰਪਰਕ ਕੀਤਾ ਜਾ ਸਕਦਾ ਹੈ।

# ਚਿਲੀ ਦੇ ਜੰਗਲਾਂ ਦੀ ਅੱਗ ਸੰਘਣੀ ਆਬਾਦੀ ਵਾਲੇ ਖੇਤਰਾਂ ਵਿੱਚ ਫੈਲੀ



ਸੈਂਟੀਆਗੋ (ਚਿਲੀ)- ਚਿਲੀ ਦੇ ਜੰਗਲਾਂ ਵਿੱਚ ਲੱਗੀ ਭਿਆਨਕ ਅੱਗ ਕਾਰਨ ਪਿਛਲੇ ਤਿੰਨ ਦਿਨਾਂ ਵਿੱਚ ਘੱਟ ਤੋਂ ਘੱਟ 112 ਲੋਕਾਂ ਦੀ ਮੌਤ ਹੋ ਗਈ ਹੈ ਜੋ ਸੰਘਣੀ ਆਬਾਦੀ ਵਾਲੇ ਖੇਤਰਾਂ ਵਿੱਚ ਫੈਲ ਗਈ ਹੈ। ਪ੍ਰਸ਼ਾਸਨ ਨੇ ਅੱਗ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਕਈ ਸ਼ਹਿਰਾਂ 'ਚ ਕਰਫਿਊ ਲਗਾ ਦਿੱਤਾ ਹੈ। ਚਿੱਲੀ ਦੇ ਮੱਧ ਖੇਤਰ 'ਚ ਜੰਗਲ 'ਚ ਦੋ ਦਿਨ ਪਹਿਲਾਂ ਲੱਗੀ ਭਿਆਨਕ ਅੱਗ ਕਾਰਨ ਐਤਵਾਰ ਨੂੰ ਫਾਇਰ ਵਿਭਾਗ ਦੇ ਕਰਮਚਾਰੀਆਂ ਨੂੰ ਕਾਫੀ ਸੰਘਰਸ਼ ਕਰਨਾ ਪਿਆ। ਵਿਨਾ ਡੇਲ ਮਾਰ ਸ਼ਹਿਰ ਦੇ ਆਲੇ-ਦੁਆਲੇ ਅੱਗ ਸਭ ਤੋਂ ਵੱਧ ਤੀਬਰਤਾ ਨਾਲ ਬਲ ਰਹੀ ਹੈ, ਜਿਸ ਨਾਲ 1,600 ਲੋਕ ਬੇਘਰ ਹੋ ਗਏ ਹਨ। ਇੱਥੇ 1931 ਵਿੱਚ ਸਥਾਪਿਤ ਇੱਕ ਮਸ਼ਹੂਰ ਬੋਟੈਨੀਕਲ ਗਾਰਡਨ ਐਤਵਾਰ ਨੂੰ ਅੱਗ ਦੀਆਂ ਲਪਟਾਂ ਵਿੱਚ ਤਬਾਹ ਹੋ ਗਿਆ ਸੀ। ਅੱਗ ਕਾਰਨ ਘੱਟੋ-ਘੱਟ 1600 ਲੋਕ ਬੇਘਰ ਹੋ ਗਏ ਹਨ। ਵਿਨਾ ਡੇਲ ਮਾਰ ਦੇ ਪੂਰਬੀ ਖੇਤਰ ਦੇ ਕਈ ਇਲਾਕੇ ਅੱਗ ਦੀਆਂ ਲਪਟਾਂ ਅਤੇ ਧੂੰਏਂ ਦੀ ਲਪੇਟ ਵਿਚ ਆ ਗਏ ਹਨ, ਜਿਸ ਕਾਰਨ ਕੁਝ ਲੋਕ ਆਪਣੇ ਘਰਾਂ ਵਿਚ ਫਸ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਵਿਨਾ ਡੇਲ ਮਾਰ ਅਤੇ ਆਸਪਾਸ ਦੇ ਇਲਾਕਿਆਂ 'ਚ ਕਰੀਬ 200 ਲੋਕ ਲਾਪਤਾ ਦੱਸੇ ਜਾ ਰਹੇ ਹਨ ਅਤੇ ਪਿਛਲੇ ਤਿੰਨ ਦਿਨਾਂ 'ਚ ਅੱਗ ਕਾਰਨ ਘੱਟੋ-ਘੱਟ 112 ਲੋਕਾਂ ਦੀ ਮੌਤ ਹੋ ਚੁੱਕੀ ਹੈ। ਲਗਭਗ 30 ਲੱਖ ਦੀ ਆਬਾਦੀ ਵਾਲਾ ਵਿਨਾ ਡੇਲ ਮਾਰ ਸ਼ਹਿਰ, ਇੱਕ ਪ੍ਰਸਿੱਧ ਬੀਚ ਰਿਜੋਰਟ ਹੈ ਅਤੇ ਦੱਖਣੀ ਗੋਲਿਸਫਾਇਰ ਗਰਮੀਆਂ ਦੌਰਾਨ ਇੱਕ ਮਸ਼ਹੂਰ ਸੰਗੀਤ ਤਿਉਹਾਰ ਦੀ ਮੇਜ਼ਬਾਨੀ ਕਰਦਾ ਹੈ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਐੱਸ ਸੀ ਦਾ ਅੱਧਾ ਕੋਟਾ ਮਜ਼ਹਬੀ ਸਿੱਖਾਂ ਤੇ ਵਾਲਮੀਕੀਆਂ ਨੂੰ ਦੇਣ ’ਤੇ ਸੁਣਵਾਈ ਸ਼ੁਰੂ

ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਇਸ ਕਾਨੂੰਨੀ ਸਵਾਲ ਦੀ ਸਮੀਖਿਆ ਸ਼ੁਰੂ ਕੀਤੀ ਕਿ ਕੀ ਰਾਜ ਸਰਕਾਰ ਨੂੰ ਦਾਖਲਿਆਂ ਅਤੇ ਸਰਕਾਰੀ ਨੌਕਰੀਆਂ ’ਚ ਰਾਖਵਾਂਕਰਨ ਪ੍ਰਦਾਨ ਕਰਨ ਲਈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ’ਚ ਉਪ-ਸ਼੍ਰੇਣੀਬੱਧ (ਸਬ-ਕਲਾਸੀਫਿਕੇਸ਼ਨ) ਕਰਨ ਦਾ ਅਧਿਕਾਰ ਹੈ ਜਾਂ ਨਹੀਂ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਸੱਤ ਮੈਂਬਰੀ ਸੰਵਿਧਾਨਕ ਬੈਂਚ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਸੇਵਾਵਾਂ ’ਚ ਰਾਖਵਾਂਕਰਨ) ਐਕਟ, 2006 ਦੀ ਵੈਧਤਾ ਦਾ ਵੀ ਅਧਿਐਨ ਕਰ ਰਹੀ ਹੈ, ਜੋ ਨੌਕਰੀਆਂ ਵਿਚ ਅਨੁਸੂਚਿਤ ਜਾਤੀਆਂ (ਐੱਸ ਸੀ) ਦੇ ਕੋਟੇ ਵਿੱਚੋਂ 50 ਫੀਸਦੀ ਮਜ਼ਹਬੀ ਸਿੱਖ ਅਤੇ ਵਾਲਮੀਕੀ ਭਾਈਚਾਰਿਆਂ ਨੂੰ ਦਿੰਦਾ ਹੈ।ਬੈਂਚ ’ਚ ਜਸਟਿਸ ਬੀ ਆਰ ਗਵਈ, ਜਸਟਿਸ ਵਿਕਰਮ ਨਾਥ, ਜਸਟਿਸ ਬੇਲਾ ਐੱਮ ਤ੍ਰਿਵੇਦੀ, ਜਸਟਿਸ ਪੰਕਜ ਮਿਥਲ, ਜਸਟਿਸ ਮਨੋਜ ਮਿਸ਼ਰਾ ਅਤੇ ਜਸਟਿਸ ਸਤੀਸ਼ ਚੰਦਰ ਮਿਸ਼ਰਾ ਸ਼ਾਮਲ ਹਨ। ਇਹ ਬੈਂਚ 23 ਪਟੀਸ਼ਨਾਂ ’ਤੇ ਸੁਣਵਾਈ ਕਰ ਰਹੀ ਹੈ, ਜਿਸ ’ਚ ਪੰਜਾਬ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 2010 ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਵੱਡੀ ਪਟੀਸ਼ਨ ਵੀ ਸ਼ਾਮਲ ਹੈ। ਹਾਈ ਕੋਰਟ ਨੇ ਪੰਜਾਬ ਕਾਨੂੰਨ ਦੀ ਧਾਰਾ 4 (5) ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਸੀ, ਜਿਸ ’ਚ ਅਨੁਸੂਚਿਤ ਜਾਤੀਆਂ ਦਾ 50 ਫੀਸਦੀ ਕੋਟਾ ਵਾਲਮੀਕੀਆਂ ਅਤੇ ਮਜ਼ਹਬੀ ਸਿੱਖਾਂ ਨੂੰ ਦਿੱਤਾ ਗਿਆ ਸੀ। ਅਦਾਲਤ ਨੇ ਕਿਹਾ ਸੀ ਕਿ ਇਹ ਵਿਵਸਥਾ ਈ ਵੀ ਚਿਨੱਈਆ ਬਨਾਮ ਆਂਧਰਾ ਪ੍ਰਦੇਸ਼ ਰਾਜ ਦੇ ਮਾਮਲੇ ’ਚ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਦੇ 2004 ਦੇ ਫੈਸਲੇ ਦੀ ਉਲੰਘਣਾ ਕਰਦੀ ਹੈ। ਚਿਨੱਈਆ ਮਾਮਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਅਨੁਸੂਚਿਤ ਜਾਤਾਂ ਨੂੰ ਉਪ ਜਾਤਾਂ ਵਿਚ ਵੰਡਣਾ ਸੰਵਿਧਾਨ ਦੇ ਆਰਟੀਕਲ 14 (ਬਰਾਬਰੀ ਦਾ ਹੱਕ) ਦੀ ਉਲੰਘਣਾ ਹੈ। ਫੈਸਲੇ ਵਿਚ ਕਿਹਾ ਗਿਆ ਸੀ ਕਿ ਸਿਰਫ ਸੰਸਦ ਹੀ ਅਨੁਸੂਚਿਤ ਜਾਤ ਵਿੱਚੋਂ ਉਪ ਜਾਤਾਂ ਕੱਢ ਕੇ ਉਨ੍ਹਾਂ ਨੂੰ ਰਾਖਵਾਂਕਰਨ ਦੇ ਸਕਦੀ ਹੈ, ਸੂਬਾਈ ਅਸੰਬਲੀਆਂ ਨਹੀਂ। ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਇਹ ਕਹਿੰਦਿਆਂ ਚੈਲੰਜ ਕੀਤਾ ਸੀ ਕਿ ਸੁਪਰੀਮ ਕੋਰਟ ਦਾ 2004 ਦਾ ਫੈਸਲਾ ਉਸ ’ਤੇ ਲਾਗੂ ਨਹੀਂ ਹੁੰਦਾ। ਇਸ ’ਤੇ 27 ਅਗਸਤ 2020 ਨੂੰ ਜਸਟਿਸ ਅਰੁਣ ਮਿਸ਼ਰਾ (ਜੋ ਹੁਣ ਰਿਟਾਇਰ ਹਨ) ਦੀ ਅਗਵਾਈ ਵਾਲੀ ਪੰਜ ਮੈਂਬਰੀ ਬੈਂਚ ਚਿਨੱਈਆ ਜਜਮੈਂਟ ਨਾਲ ਸਹਿਮਤ ਨਹੀਂ ਹੋਈ ਅਤੇ ਉਸ ਨੇ ਮਾਮਲਾ ਸੱਤ ਮੈਂਬਰੀ ਬੈਂਚ ਹਵਾਲੇ ਕਰਨ ਦੀ ਸਿਫਾਰਸ਼ ਕਰ ਦਿੱਤੀ। ਕੇਂਦਰ ਸਰਕਾਰ ਦੇ ਫੰਡ ਨਾਲ ਚਲਦੇ ਉੱਚ ਵਿਦਿਅਕ ਅਦਾਰਿਆਂ ਵਿਚ 22.5 ਫੀਸਦੀ ਸੀਟਾਂ ਅਨੁਸੂਚਿਤ ਜਾਤਾਂ ਤੇ 7.5 ਫੀਸਦੀ ਸੀਟਾਂ ਅਨੁਸੂਚਿਤ ਜਨਜਾਤੀਆਂ ਦੇ ਵਿਦਿਆਰਥੀਆਂ ਲਈ ਰਾਖਵੀਆਂ ਹਨ। ਸਰਕਾਰੀ ਨੌਕਰੀ ਵਿਚ ਵੀ ਇੰਜ ਹੀ ਹੈ। ਪੰਜਾਬ ਤੇ ਹਰਿਆਣਾ ਦਾ ਮਾਮਲਾ ਇਹ ਹੈ ਕਿ ਇਨ੍ਹਾਂ ਸੂਬਿਆਂ ਵਿਚ ਅਨੁਸੂਚਿਤ ਜਨਜਾਤੀਆਂ ਨਹੀਂ ਹਨ।

## ਡਾਟਾਬੇਸ ਚੋਰੀ ਕਰਨ ਦੇ ਮਾਮਲੇ ‘ਚ 2 ਭਾਰਤੀਆਂ ਨੂੰ ਸੁਣਾਈ ਸਜ਼ਾ

ਸੈਕਰਾਮੈਂਟੋ- ਇਕ ਅਦਾਲਤ ਵੱਲੋਂ ਯੂ.ਐੱਸ. ਸਰਕਾਰ ਦੀ ਮਾਲਕੀ ਵਾਲੇ ਸਾਫਟਵੇਅਰ ਤੇ ਲਾਅ ਇਨਫੋਰਸਮੈਂਟ ਦੇ ਸੰਵੇਦਨਸ਼ੀਲ ਡੈਟਾਬੇਸ ਚੋਰੀ ਕਰਨ ਦੇ ਮਾਮਲੇ ਵਿਚ ਨਿਭਾਈ ਭੂਮਿਕਾ ਲਈ 2 ਭਾਰਤੀ ਸਾਬਕਾ ਸੰਘੀ ਮੁਲਾਜ਼ਮਾਂ ਨੂੰ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਭਾਰਤੀ ਸੋਨਲ ਪਟੇਲ (49) ਜੋ ਹੋਮਲੈਂਡ ਸਕਿਉਰਿਟੀ ਵਿਭਾਗ (ਡੀ.ਐੱਚ.ਐੱਸ.-ਓ.ਆਈ.ਜੀ.) ਦੇ ਇਨਫਾਰਮੇਸ਼ਨ ਟੈਕਨਾਲੋਜੀ ਵਿਭਾਗ ਵਿਚ ਨੌਕਰੀ ਕਰਦਾ ਸੀ, ਨੂੰ ਦੋ ਸਾਲ ਦੀ ਪ੍ਰੋਬੇਸ਼ਨ ਸਜ਼ਾ ਸੁਣਾਈ ਗਈ ਹੈ ਤੇ 40000 ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ। ਇਕ ਸਾਲ ਉਸ ਨੂੰ ਘਰ ਵਿਚ ਕੈਦ ਰਹਿਣਾ ਪਵੇਗਾ। ਪਟੇਲ ਨੇ ਸਰਕਾਰੀ ਜਾਇਦਾਦ ਚੋਰੀ ਕਰਨ ਦਾ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਦੂਸਰੇ ਭਾਰਤੀ ਮੁਰਾਲੀ ਵਾਈ ਵੈਂਕਟਾ (58) ਜੋ ਹੋਮਲੈਂਡ ਸਕਿਉਰਿਟੀ ਦੀ ਇਨਫਰਮੇਸ਼ਨ ਟੈਕਨਾਲੋਜੀ ਡਵੀਜ਼ਨ ਦਾ ਸਾਬਕਾ ਬਰਾਂਚ ਮੁਖੀ ਹੈ, ਨੂੰ 4 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਰਿਹਾਈ ਉਪਰੰਤ 2 ਸਾਲ ਉਸ ਨੂੰ ਨਿਗਰਾਨੀ ਵਿਚ ਰੱਖਿਆ ਜਾਵੇਗਾ, ਜਿਸ ਦੌਰਾਨ 8 ਮਹੀਨੇ ਘਰ ਵਿਚ ਕੈਦ ਰਹਿਣਾ ਪਵੇਗਾ। ਇਸ ਤੋਂ ਇਲਾਵਾ 60 ਘੰਟੇ ਲੋਕ ਸੇਵਾ ਕਰਨੀ ਪਵੇਗੀ।

## ਕੈਨੇਡਾ ਵਿਚ ਘਰ ਖਰੀਦਣ ਸਬੰਧੀ ਵਿਦੇਸ਼ੀਆਂ ’ਤੇ ਲੱਗੀ ਪਾਬੰਦੀ ਦੋ ਸਾਲ ਵਧੀ

ਓਟਾਵਾ: ਕੈਨੇਡਾ ਵਿਚ ਘਰ ਖਰੀਦਣ ਸਬੰਧੀ ਵਿਦੇਸ਼ੀਆਂ ਉਤੇ ਲਾਈ ਪਾਬੰਦੀ ’ਚ ਸਰਕਾਰ ਨੇ ਦੋ ਸਾਲਾਂ ਦਾ ਵਾਧਾ ਕਰ ਦਿੱਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਕੈਨੇਡੀਅਨ ਨਾਗਰਿਕਾਂ ਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪੂਰੇ ਮੁਲਕ ਵਿਚ ਘਰਾਂ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ ਤੇ ਸਥਾਨਕ ਲੋਕ ਪ੍ਰੇਸ਼ਾਨ ਹਨ। ਇਸ ਕਾਰਨ ਕੈਨੇਡਾ ਵਿਚ ਹਾਊਸਿੰਗ ਇਕ ਵੱਡਾ ਸੰਕਟ ਬਣ ਗਿਆ ਹੈ। ਘਰ ਖਰੀਦਣਾ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਇਸ ਸੰਕਟ ਲਈ ਪਰਵਾਸੀਆਂ ਦੀ ਵਧ ਰਹੀ ਗਿਣਤੀ ਤੇ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਨ੍ਹਾਂ ਦੀ ਵਧਦੀ ਗਿਣਤੀ ਕਾਰਨ ਘਰਾਂ ਦੀ ਮੰਗ ਵਧੀ ਹੈ ਤੇ ਨਾਲ ਹੀ ਵਧਦੀਆਂ ਕੀਮਤਾਂ ਕਾਰਨ ਉਸਾਰੀ ਵੀ ਸੁਸਤ ਹੋਈ ਹੈ।


A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*8 ਫਰਵਰੀ ਦਿਨ ਵੀਰਵਾਰ ਪਾਠ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਹਰਜਿੰਦਰ ਸਿੰਘ ਸੰਧੂ ਪਰਿਵਾਰ ਵੱਲੋਂ

*9 ਫਰਵਰੀ ਦਿਨ ਸ਼ੁੱਕਰਵਾਰ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਨ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 11 ਫਰਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਦੀਵਾਨ ਸਜਣਗੇ।

*11 ਫਰਵਰੀ ਦਿਨ ਐਤਵਾਰ ਦੇ ਵਿਸ਼ੇਸ਼ ਦੀਵਾਨ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਜੀ ਦੇ ਮਾਤਾ ਜੀ ਮਾਤਾ ਬਲਵੀਰ ਕੌਰ ਦੀ ਨਮਿਤ ਅਰਦਾਸ ਬੇਨਤੀ ਕੀਤੀ ਜਾਵੇਗੀ।

*11 ਫਰਵਰੀ ਦਿਨ ਐਤਵਾਰ ਸਵੇਰ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਪਾਠ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਭਾਈ ਰਣਜੀਤ ਸਿੰਘ ਜੀ ਹਜ਼ੂਰੀ ਰਾਗੀ ਜਥਾ, ਬਾਬਾ ਭਗਵੰਤ ਸਿੰਘ ਜੀ ਰਾੜਾ ਸਾਹਿਬ, ਸੰਤ ਸੇਵਕ ਜਥਾ ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਾਲੇ, ਬਾਬਾ ਜਗਜੀਤ ਸਿੰਘ ਜੀ ਦੀਵਾਨ ਸਜਾਉਣਗੇ।



ਨੋਟ: 23-24-25 ਫਰਵਰੀ ਨੂੰ 7ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਅਤੇ ਭਗਤ ਰਵਿਦਾਸ ਜੀ ਦੇ ਅਵਤਾਰ ਦਿਹਾੜੇ ਮਨਾਏ ਜਾਣਗੇ। ਅਖੰਡਪਾਠ ਸਾਹਿਬ ਦੀ ਸੇਵਾ ਦੀਪ ਟਾਇਰ ਕੰਪਨੀ ਦੇ ਪਰਿਵਾਰਾਂ ਵੱਲੋਂ ਹੋਵੇਗੀ।

| ਰਾਗੀ ਜੱਥੇ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
|---|---|---|
| ਭਾਈ ਰਣਜੀਤ ਸਿੰਘ ਜੀ ਲੁਧਿਆਣੇ ਵਾਲੇ<br>ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ | ਬਾਬਾ ਜਗਜੀਤ ਸਿੰਘ ਜੀ<br>ਸੇਵਕ ਜਥਾ ਮਸਤੂਆਣਾ | 604-413-7171 |

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

## (ਮੁੱਖ ਪੰਨੇ ਦੀ ਬਾਕੀ)

ਮਾਰ ਦਿਤਾ ਗਿਆ। ਉਸ ਦੀ ਲਾਸ਼ ਦਾ ਤੜਕੇ ਚਾਰ ਵਜੇ ਪੋਸਟਮਾਰਟਮ ਕੀਤਾ ਗਿਆ। ਪਰਿਵਾਰਾਂ ਨੂੰ ਉਥੇ ਵੜਨ ਤਕ ਨਹੀਂ ਦਿਤਾ ਗਿਆ।

ਬੇਅਦਬੀ ਨੂੰ ਲੈ ਕੇ ਬਲਦੇਵ ਸਿੰਘ ਨੇ ਦਸਿਆ ਕਿ ਉਸ ਸਮੇਂ ਦੇ ਸ਼ਿਵ ਸੈਨਾ ਦੇ ਪ੍ਰਧਾਨ ਰਮੇਸ਼ ਚੋਪੜਾ ਉਤੇ ਸਿੱਧੇ ਇਲਜ਼ਾਮ ਲੱਗੇ ਸਨ। ਇਸ ਤੋਂ ਕੁੱਝ ਦਿਨ ਪਹਿਲਾਂ ਸ਼ਿਵ ਫ਼ੌਜ ਅਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਵਿਦਿਆਰਥੀਆਂ ਦਾ ਝਗੜਾ ਹੋਇਆ ਸੀ। ਰਮੇਸ਼ ਚੋਪੜਾ ਨੇ ਕਿਹਾ ਸੀ, 'ਅਜੇ ਅੱਗ ਲੱਗੀ ਨਹੀਂ, ਅਸੀਂ ਲਾਵਾਂਗੇ'।

ਸੀ.ਬੀ.ਆਈ. ਜਾਂਚ ਦੀ ਮੰਗ ਕਰਦਿਆਂ ਬਲਦੇਵ ਸਿੰਘ ਨੇ ਕਿਹਾ ਕਿ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਬਣਾਇਆ ਗਿਆ ਸੀ, ਜਿਸ ਦੀ ਰੀਪੋਰਟ ਅੱਜ ਤਕ ਜਨਤਕ ਨਹੀਂ ਕੀਤੀ ਗਈ। 2001 ਵਿਚ ਜਦੋਂ ਰੀਪੋਰਟ ਵਿਧਾਨ ਸਭਾ ਵਿਚ ਰੱਖੀ ਗਈ ਤਾਂ ਕਿਸੇ ਵਿਧਾਇਕ ਨੂੰ ਇਸ ਦੀ ਜਾਣਕਾਰੀ ਨਹੀਂ ਸੀ। ਇਹ ਵੀ ਅਫ਼ਵਾਹਾਂ ਹਨ ਕਿ ਰੀਪੋਰਟ ਦੇ ਇਕ ਭਾਗ ਨੂੰ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਦਰਬਾਰਾ ਸਿੰਘ ਗੁਰੂ ਨੇ ਖ਼ੁਰਦ-ਬੁਰਦ ਕਰ ਦਿਤਾ।

ਬਲਦੇਵ ਸਿੰਘ ਨੇ ਦਸਿਆ ਕਿ ਉਨ੍ਹਾਂ ਨੂੰ ਮਿਲੇ ਰੀਪੋਰਟ ਦੇ ਇਕ ਭਾਗ ਵਿਚ ਦਰਬਾਰਾ ਸਿੰਘ ਗੁਰੂ, ਇਜ਼ਹਾਰ ਆਲਮ, ਅਸ਼ਵਨੀ ਕੁਮਾਰ, ਜਸਕੀਰਤ ਸਿੰਘ ਅਤੇ ਗੋਪਾਲ ਸਿੰਘ ਘੁੰਮਣ ਦੇ ਡਰਾਈਵਰ ਨੂੰ ਇਕ ਕਿਸਮ ਦਾ ਦੋਸ਼ੀ ਮੰਨਿਆ ਗਿਆ ਹੈ। ਇਨ੍ਹਾਂ ਵਿਰੁਧ ਸਿੱਧਾ ਕਤਲ ਦਾ ਮਾਮਲਾ ਦਰਜ ਹੋਣਾ ਚਾਹੀਦਾ ਸੀ। ਅਕਾਲੀ ਦਲ ਬਾਰੇ ਗੱਲ ਕਰਦਿਆਂ ਬਲਦੇਵ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਠੰਢੇ ਬਸਤੇ ਵਿਚ ਪਾਉਣ ਦੀ ਕੋਸ਼ਿਸ਼ ਅਕਾਲੀ ਦਲ ਵਲੋਂ ਕੀਤੀ ਗਈ।

1997 ਤੋਂ ਲੈ ਕੇ 2002 ਤਕ ਬਾਦਲ ਦੀ ਸਰਕਾਰ ਰਹੀ, ਜਿਸ ਨੇ ਵਾਅਦਾ ਕੀਤਾ ਸੀ ਕਿ ਬੱਚਿਆਂ ਨੂੰ ਕੋਹ-ਕੋਹ ਕੇ ਮਾਰਨ ਵਾਲੇ ਅਫ਼ਸਰਾਂ ਨੂੰ ਸਜ਼ਾਵਾਂ ਦੇਵਾਂਗੇ ਪਰ ਇਸ ਦੇ ਉਲਟ ਅਫ਼ਸਰਾਂ ਨੂੰ ਤਰੱਕੀਆਂ ਦੇ ਕੇ ਉਨ੍ਹਾਂ ਦੇ ਬੱਚਿਆਂ ਨੂੰ ਭਰਤੀ ਕੀਤਾ ਗਿਆ। ਇਥੋਂ ਤਕ ਕਿ ਸਵਰਨ ਸਿੰਘ ਘੋਟਣਾ ਦੇ ਮੁੰਡੇ ਸਤਿੰਦਰ ਸਿੰਘ ਨੂੰ ਡੀ.ਐਸ.ਪੀ. ਨਕੋਦਰ ਲਗਾਇਆ ਗਿਆ। ਇਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੂੰ ਕਈ ਚਿੱਠੀਆਂ ਲਿਖੀਆਂ ਪਰ ਉਨ੍ਹਾਂ ਕੁੱਝ ਨਹੀਂ ਕੀਤਾ। ਹੁਣ ਉਨ੍ਹਾਂ ਵਲੋਂ ਮੌਜੂਦਾ ਮੁੱਖ ਮੰਤਰੀ ਨੂੰ ਵੀ ਚਿੱਠੀਆਂ ਭੇਜੀਆਂ ਗਈਆਂ ਹਨ, ਉਨ੍ਹਾਂ ਨੇ ਇਨਸਾਫ਼ ਦਾ ਭਰੋਸਾ ਦਿਤਾ ਹੈ। ਬਲਦੇਵ ਸਿੰਘ ਨੇ ਮੰਗ ਕੀਤੀ ਕਿ ਪੁਰਾਣੀਆਂ ਸਰਕਾਰਾਂ ਵਲੋਂ ਗ਼ਾਇਬ ਕੀਤੀ ਰੀਪੋਰਟ ਸਾਹਮਣੇ ਲਿਆ ਕੇ ਜਨਤਕ ਕੀਤੀ ਜਾਣੀ ਚਾਹੀਦੀ ਹੈ।

ਆਰ.ਟੀ.ਆਈ. ਜ਼ਰੀਏ ਪੁਲਿਸ ਤੋਂ ਮਿਲੀ ਜਾਣਕਾਰੀ ਦਾ ਜ਼ਿਕਰ ਕਰਦਿਆਂ ਬਲਦੇਵ ਸਿੰਘ ਨੇ ਦਸਿਆ ਕਿ ਪੁਲਿਸ ਦਾ ਕਹਿਣਾ ਸੀ ਕਿ 1986 ਵਿਚ ਕੋਈ ਨਕੋਦਰ ਕਾਂਡ ਨਹੀਂ ਹੋਇਆ ਅਤੇ ਨਾ ਹੀ ਕਿਸੇ ਦੀ ਮੌਤ ਹੋਈ। ਇਸ ਤੋਂ ਜ਼ਿਆਦਾ ਝੂਠ ਹੋਰ ਕੀ ਹੋ ਸਕਦਾ ਹੈ। ਇਸ ਮਾਮਲੇ ਦੀ ਜਾਂਚ ਲਈ ਬਣਾਈ ਗਈ ਸਿੱਟ ਵਿਚ ਉਨ੍ਹਾਂ ਅਫ਼ਸਰਾਂ ਨੂੰ ਹੀ ਸ਼ਾਮਲ ਕੀਤਾ ਗਿਆ, ਜਿਨ੍ਹਾਂ ਵਿਰੁਧ ਜਾਂਚ ਦੀ ਮੰਗ ਕੀਤੀ ਗਈ।

ਇਸ ਸਿੱਟ ਵਿਚ ਬਲਦੇਵ ਸਿੰਘ ਨੂੰ ਵੀ ਸ਼ਾਮਲ ਕਰਨ ਲਈ ਕਿਹਾ ਗਿਆ ਪਰ ਹੁਣ ਤਕ ਸਿੱਟ ਨੇ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਕੀਤਾ।

ਬਲਦੇਵ ਸਿੰਘ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਜਾਂਚ ਨੂੰ ਜਨਤਕ ਨਾ ਕਰਨ ਦਾ ਕਾਰਨ ਅਫ਼ਸਰਸ਼ਾਹੀ ਅਤੇ ਪੁਲਿਸ ਅਫ਼ਸਰਾਂ ਨੂੰ ਬਚਾਉਣਾ ਹੈ। ਜਸਟਿਸ ਗੁਰਨਾਮ ਸਿੰਘ ਦੀ ਰੀਪੋਰਟ ਅਨੁਸਾਰ ਉਸ ਦਿਨ ਇਕ ਘੰਟੇ ਵਿਚ 3000 ਰਾਊਂਡ ਗੋਲੀ ਚੱਲੀ ਸੀ ਅਤੇ ਸਿਖ ਸੰਗਤ ਦਾ ਪਿੱਛਾ ਘੋੜਿਆਂ ਉਤੇ ਕੀਤਾ ਗਿਆ। ਇਕ ਦੀ ਮੌਤ ਸ਼ਾਂਤਮਈ ਮਾਰਚ ਚੱਲਣ ਵਾਲੀ ਥਾਂ ਉਤੇ ਹੋਈ ਅਤੇ ਬਾਕੀਆਂ ਨੂੰ ਪਿਛੋਂ ਜਾ ਕੇ ਮਾਰਿਆ ਗਿਆ। ਬਲਧੀਰ ਸਿੰਘ, ਝਿਲਮਣ ਸਿੰਘ ਨੂੰ ਜਿਥੇ ਮਾਰਿਆ ਗਿਆ, ਉਥੇ ਇਕ ਗ਼ਰੀਬ ਵਿਅਕਤੀ ਦੇ ਦੋ ਬਲਦ ਵੀ ਮਾਰੇ ਗਏ।

ਬਹਿਬਲ ਕਲਾਂ ਗੋਲੀਕਾਂਡ ਦਾ ਜ਼ਿਕਰ ਕਰਦਿਆਂ ਬਲਦੇਵ ਸਿੰਘ ਨੇ ਕਿਹਾ ਕਿ ਜਦੋਂ ਪਹਿਲੀ ਘਟਨਾ ਨੂੰ ਦੱਬਣਾ ਹੋਵੇ ਤਾਂ ਦੂਜੀ ਘਟਨਾ ਨੂੰ ਅੰਜਾਮ ਦਿਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਕੋਦਰ ਗੋਲੀਕਾਂਡ ਅਤੇ ਬਹਿਬਲ ਕਲਾਂ ਗੋਲੀਕਾਂਡ ਦੋਵੇਂ ਯੋਜਨਾਬੱਧ ਸਨ। ਦੋਵੇਂ ਸਮੇਂ ਇਕੋ ਸਰਕਾਰ ਸੀ ਅਤੇ ਉਹੀ ਪੁਲਿਸ ਅਧਿਕਾਰੀ ਸਨ। ਹੁਣ ਤਕ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਅਫ਼ਸਰਾਂ ਨੂੰ ਹੀ ਤਰੱਕੀਆਂ ਅਤੇ ਅਹੁਦੇ ਦਿਤੇ ਗਏ ਪਰ ਕੌਮ ਨੇ ਕਿਸੇ ਨੂੰ ਮੁਆਫ਼ ਨਹੀਂ ਕੀਤਾ ਅਤੇ ਨਾ ਹੀ ਅਕਾਲੀ ਦਲ ਨੇ ਕਿਸੇ ਨੂੰ ਮੁਆਫ਼ ਕੀਤਾ। ਸਿਰਫ਼ ਬਾਦਲ ਦਲ ਨੇ ਹੀ ਬਾਦਲ ਦਲ ਨੂੰ ਮੁਆਫ਼ ਕੀਤਾ ਹੈ।

ਬਲਦੇਵ ਸਿੰਘ ਨੇ ਮਾਮਲੇ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਅਤੇ ਕਿਹਾ ਕਿ ਇਸ ਦੇ ਨਾਲ ਹੀ ਜਸਟਿਸ ਗੁਰਨਾਮ ਸਿੰਘ ਦੀ ਰੀਪੋਰਟ ਦਾ ਦੂਜਾ ਭਾਗ ਲੁਕਾਉਣ ਵਾਲੇ ਅਫ਼ਸਰ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਨਸਾਫ਼ ਮਿਲਣਾ ਜਾਂ ਨਾ ਮਿਲਣਾ ਬਹੁਤ ਦੂਰ ਦੀ ਗੱਲ ਹੈ ਪਰ ਸੱਚ ਨੂੰ ਨੰਗਾ ਕਰਨ ਲਈ ਕਿਸੇ ਨੂੰ ਅੱਗੇ ਆਉਣਾ ਪਵੇਗਾ।

ਬਲਦੇਵ ਸਿੰਘ ਨੇ ਦਸਿਆ, "ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਕਦੇ ਮੇਰੇ ਕੋਲ ਨਹੀਂ ਆਏ ਅਤੇ ਨਾ ਆ ਸਕਦੇ ਨੇ ਕਿਉਂਕਿ ਉਹ ਝੂਠੇ ਲੋਕ ਹਨ। ਕਾਉਂਕੇ ਸਾਬ੍ਹ ਦੇ ਘਰ ਜਾ ਕੇ ਉਹ ਚੰਗਾ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਮਨ ਸੱਚੇ ਨਹੀਂ। ਜੋ ਵੀ ਉਨ੍ਹਾਂ ਨੇ ਕੀਤਾ, ਲੋਕ ਭੁੱਲਣ ਵਾਲੇ ਨਹੀ। ਮੁੱਖ ਮੰਤਰੀ ਨੇ ਕਿਹਾ ਸੀ ਕਿ ਨਕੋਦਰ ਵਰਗੇ ਗੋਲੀਕਾਂਡ ਮਾੜੇ ਜ਼ਰੂਰ ਨੇ ਪਰ ਵਾਪਰਦੇ ਰਹਿੰਦੇ ਨੇ ਤਾਂ ਹੀ ਉਹ ਤਿੰਨ ਸੀਟਾਂ ਤਕ ਰਹਿ ਗਏ"।

ਸਾਕਾ ਨਕੋਦਰ ਦੇ ਇਨਸਾਫ਼ ਲਈ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਯੋਗਦਾਨ ਬਾਰੇ ਗੱਲ ਕਰਦਿਆਂ ਬਲਦੇਵ ਸਿੰਘ ਨੇ ਦਸਿਆ ਕਿ 1986 ਤੋਂ 1989 ਤਕ ਮੋਹਕਮ ਸਿੰਘ, ਬਾਬਾ ਜੋਗਿੰਦਰ ਸਿੰਘ, ਸਿਮਰਨਜੀਤ ਸਿੰਘ ਮਾਨ ਉਨ੍ਹਾਂ ਨਾਲ ਸ਼ਹੀਦਾਂ ਨੂੰ ਯਾਦ ਕਰਦੇ ਸਨ। 25 ਸਾਲ ਬਾਅਦ ਗਿਆਨੀ ਗੁਰਬਚਨ ਸਿੰਘ ਵਲੋਂ ਸ਼ਹੀਦਾਂ ਨੂੰ ਮਾਨਤਾ ਦਿਤੀ ਗਈ ਅਤੇ 31 ਸਾਲ ਬਾਅਦ ਕਿਰਪਾਲ ਸਿੰਘ ਬਡੂੰਗਰ ਵਲੋਂ ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿਚ ਲਗਵਾਈਆਂ ਗਈਆਂ। ਉਨ੍ਹਾਂ ਕਿਹਾ ਕਿ ਇਨਸਾਫ਼ ਅਫ਼ਸਰਸ਼ਾਹੀ ਦੇ ਹੱਥ ਵਿਚ ਹੈ ਪਰ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਜਥੇਦਾਰ ਸਾਹਿਬਾਨ ਉਨ੍ਹਾਂ ਕੋਲ ਆਉਂਦੇ ਰਹੇ, ਇਸ ਘੋਲ ਵਿਚ ਲੋਕਾਂ ਨੇ ਪਿੱਠ ਨਹੀਂ ਵਿਖਾਈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY



SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



Harmanpreet Kaur

Punjabi Singer

ਵਿਆਹ ਸ਼ਾਦੀ, ਲੇਡੀਜ਼ ਸੰਗੀਤ
ਜਾਗੋ, ਮਾਈਆਂ,
ਘੋੜੀਆਂ, ਸੁਹਾਗ,
ਪੰਜਾਬੀ ਮੇਲਾ, ਸ਼ੋਅ ਆਦਿ ਦੀ
ਬੁਕਿੰਗ ਲਈ ਸੰਪਰਕ ਕਰੋ



Winner of Awaaz Punjabi
Voice of Punjab
India Got Talent
BEST IN PUNJAB FOLK SONGS

Ph:236-881-1276
Email:meriawaaz.music@gmail.com
YouTube harmanpreetofficial

# ਬੈਂਕ ਆਫ਼ ਕੈਨੇਡਾ ਦੇ ਸਾਬਕਾ ਡਿਪਟੀ ਗਵਰਨਰ ਨੇ ਜੁਲਾਈ ‘ਚ ਵਿਆਜ਼ ਦਰਾਂ ‘ਚ ਕਟੌਤੀ ਦੀ ਸੰਭਾਵਨਾ ਜਿਤਾਈ



ਸਰੀ:ਬੈਂਕ ਆਫ਼ ਕੈਨੇਡਾ ਦੀ ਗਵਰਨਿੰਗ ਬਾਡੀ ਦੇ ਇੱਕ ਸਾਬਕਾ ਮੈਂਬਰ ਦਾ ਕਹਿਣਾ ਹੈ ਕਿ ਉਸ ਨੂੰ ਉਮੀਦ ਹੈ ਕਿ ਜੇਕਰ ਮਹਿੰਗਾਈ ਦਾ ਦਬਾਅ ਉਮੀਦ ਮੁਤਾਬਕ ਘੱਟ ਹੁੰਦਾ ਹੈ ਤਾਂ ਕੇਂਦਰੀ ਬੈਂਕ ਲਗਭਗ ਛੇ ਮਹੀਨਿਆਂ ਵਿੱਚ ਵਿਆਜ਼ ਦਰਾਂ ਵਿੱਚ ਕਟੌਤੀ ਸ਼ੁਰੂ ਕਰ ਦੇਵੇਗਾ।

ਉਨ੍ਹਾਂ ਕਿਹਾ ਗਵਰਨਿੰਗ ਬਾਡੀ ਮਹਿੰਗਾਈ ਦੇ ਦਬਾਅ ਨੂੰ ਘੱਟ ਹੋਣ ਦੀ ਉਡੀਕ ਹਨ ਭਾਵੇਂ ਆਰਥਿਕਤਾ ਵਾਧੂ ਸਪਲਾਈ ਦੇ ਦੌਰ ਵਿੱਚ ਦਾਖਲ ਹੋ ਗਈ ਹੈ ਪਰ ਵਿਆਜ਼ ਦਰਾਂ ‘ਚ ਕਟੌਤੀ ਲਈ ਮਹਿੰਗਾਈ ਦਰ ਦਾ ਘਟ ਹੋਣਾ ਜ਼ਰੂਰੀ ਮੰਨਿਆ ਗਿਆ ਹੈ।

ਕੈਨੇਡੀਅਨ ਇੰਪੀਰੀਅਲ ਬੈਂਕ ਆਫ ਕਾਮਰਸ ਦੇ ਮੁੱਖ ਅਰਥ ਸ਼ਾਸਤਰੀ ਐਵੇਰੀ ਸ਼ੈਨਫੀਲਡ ਨਾਲ ਇੱਕ ਇੰਟਰਵਿਊ ਵਿੱਚ ਕਿਹਾ, “ਮੈਂ ਜੁਲਾਈ ਦੇ ਫੈਸਲੇ ਤੱਕ ਦਰਾਂ ਵਿੱਚ ਕਟੌਤੀ ਦੀ ਸੰਭਾਵਨਾ ਨੂੰ ਦੇਖਾਂਗਾ ਕਿਉਂਕਿ ਹੁਣ ਬੈਂਕ ਵਲੋਂ 24 ਜੁਲਾਈ ਨੂੰ ਵਿਆਜ਼ ਦਰਾਂ ਸਬੰਧੀ ਅਗਲਾ ਫੈਸਲਾ ਲਿਆ ਜਾਣਾ ਹੈ।

ਪਿਛਲੇ ਹਫਤੇ, ਗਵਰਨਰ ਟਿਫ ਮੈਕਲੇਮ ਦੀ ਅਗਵਾਈ ਹੇਠ ਗਵਰਨਿੰਗ ਬਾਡੀ ਨੇ ਵਿਆਜ਼ ਦਰਾਂ ਨੂੰ 5% ਬਰਕਰਾਰ ਰੱਖਣ ਦਾ ਫੈਸਲਾ ਲਿਆ ਸੀ। ਮਾਰਕਿਟ ਅਤੇ ਅਰਥਸ਼ਾਸਤਰੀ 5 ਜੂਨ ਦੀ ਮੀਟਿੰਗ ਵਿੱਚ ਬੈਂਕ ਆਫ ਕੈਨੇਡਾ ਵੱਲੋਂ ਦਰਾਂ ਵਿੱਚ ਕਟੌਤੀ ਦੀ ਸ਼ੁਰੂਆਤ ਦੀ ਉਮੀਦ ਕਰ ਰਹੇ ਹਨ।

ਬੈਂਕ ਆਫ਼ ਕੈਨੇਡਾ ਵਲੋਂ ਮਹਿੰਗਾਈ ਦਰ ਨੂੰ 2% ਤੱਕ ਲਿਆਉਣ ਦਾ ਟੀਚਾ ਜਿਸ ਲਈ ਸਮੇਂ-ਸਮੇਂ ‘ਤੇ ਵਿਆਜ਼ ਦਰਾਂ ਵਿੱਚ ਵਾਧਾ ਕੀਤਾ ਗਿਆ ਹੈ। ਬੈਂਕ ਆਫ ਕੈਨੇਡਾ ਲਈ ਸਭ ਤੋਂ ਮੁਸ਼ਕਲ ਘੜੀ ਉਹ ਸਾਬਤ ਹੋ ਸਕਦੀ ਹੈ ਜੇਕਰ ਮਹਿੰਗਾਈ ਦਰ ਉਨ੍ਹਾਂ ਦੀਆਂ ਉਮੀਦ ਪੱਧਰ ‘ਤੇ ਹੇਠਾ ਨਹੀਂ ਆਉਂਦੀ। ਜੇ ਮਹਿੰਗਾਈ ਦਰ 3% ‘ਤੇ ਵੀ ਰਹੀ ਤਾਂ ਕੈਨੇਡੀਅਨ ਨੂੰ ਹਾਲੇ ਵੀ ਵਿਆਜ਼ ਦਰਾਂ ‘ਚ ਕਟੌਤੀ ਸਬੰਧੀ ਹੋਰ ਲੰਬਾ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਇਸ ਸਮੇਂ ਬੈਂਕ ਆਫ਼ ਕੈਨੇਡਾ ਦੀ ਵਿਆਜ਼ ਦਰ 5% ਹੈ ਜਦੋਂ ਕਿ ਪ੍ਰਾਈਵੇਟ ਲੋਨ ਦੀਆਂ ਵਿਆਜ਼ ਦਰਾਂ 7.2% ਤੋਂ ਵੀ ਵੱਧ ਹਨ ਜਿਸ ਕਾਰਨ ਲੋਕਾਂ ਵਲੋਂ ਲਏ ਗਏ ਵਿਆਜ਼ ਦੀਆਂ ਕਿਸ਼ਤਾਂ ਪਿਛਲੇ ਇਕ-ਦੋ ਸਾਲਾਂ ਦੌਰਾਨ ਤਿੰਨ-ਚਾਰ ਗੁਣਾ ਵੱਧ ਚੁੱਕੀਆਂ ਜਿਸ ਕਾਰਨ ਕੈਨੇਡੀਅਨ ਪਰਿਵਾਰਾਂ ਲਈ ਵੱਧ ਰਹੇ ਕਰਜ਼ੇ ਦੀਆਂ ਲਾਗਤਾਂ ਬੇਹੱਦ ਗੰਭੀਰ ਬਣ ਚੁੱਕਾ ਹੈ ਅਤੇ ਬਹੁਤੇ ਕੈਨੇਡੀਅਨ ਇਸ ਸਮੇਂ ਤਣਾਅ ਵਿੱਚ ਹਨ ਕਿਉਂਕਿ ਲੋਕਾਂ ਦੀਆਂ ਕਿਸ਼ਤਾਂ ਕਈ ਕਈ ਮਹੀਨੇ ਦੀਆਂ ਬਕਾਇਆ ਖੜੀਆਂ ਹਨ ਅਤੇ ਉਸ ‘ਤੇ ਵਿਆਜ਼ ਕਈ ਗੁਣਾ ਤੇਜ਼ੀ ਨਾਲ ਵੱਧ ਰਿਹਾ ਹੈ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases





"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads
Need Company Drivers
Single Driver Pay 52cents/mile
Team Drivers 32 cents/mile





FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਵੱਡਾ ਘੱਲੂਘਾਰਾ:ਆਓ ਤਾਰੀਖਾਂ ਦੀ ਸਮੱਸਿਆ ਨੂੰ ਸਮਝੀਏ



ਸਰਵਜੀਤ ਸਿੰਘ ਸੈਕਰਾਮੈਂਟੋ

ਸਿੱਖ ਇਤਿਹਾਸ ਦਾ ਸਭ ਤੋਂ ਵੱਡਾ ਖ਼ੂਨੀ ਕਾਂਡ, ਜਿਸ ਨੂੰ 'ਵੱਡਾ ਘੱਲੂਘਾਰਾ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਕੁੱਪ ਰਹੀੜੇ ਦੇ ਜੰਗਲ ਵਿੱਚ 27 ਮਾਘ ਸੰਮਤ 1818 ਬਿਕ੍ਰਮੀ ਦਿਨ ਸ਼ੁਕਰਵਾਰ ਨੂੰ ਵਾਪਰਿਆ ਸੀ। ਪੰਜਾਬ ਉੱਪਰ ਅੰਗਰੇਜਾਂ ਦਾ ਕਬਜਾ ਹੋਣ ਤੋਂ ਪਿਛੋਂ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਸ ਦਿਹਾੜੇ ਦੀ ਤਾਰੀਖ 5 ਫਰਵਰੀ 1762 ਈ: (ਗਰੈਗੋਰੀਅਨ) ਲਿਖੀ ਗਈ। ਇਹ ਹੀ ਕਾਰਨ ਹੈ ਕਿ ਸੋਸ਼ਲ ਮੀਡੀਏ ਉੱਪਰ 5 ਫਰਵਰੀ ਨੂੰ ਬਹੁਤ ਸੱਜਣਾਂ ਵੱਲੋਂ ਪੋਸਟਾਂ ਪਾ ਕੇ ਵੱਡੇ ਘੱਲੂਘਾਰੇ ਦੇ ਇਤਿਹਾਸ ਨੂੰ ਯਾਦ ਕੀਤਾ ਗਿਆ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਿੱਚ ਇਹ ਦਿਹਾੜਾ 27 ਮਾਘ (9 ਫਰਵਰੀ) ਦਾ ਦਰਜ ਹੈ। ਕਈ ਸੱਜਣਾਂ ਵੱਲੋਂ ਇਹ ਸਵਾਲ ਕੀਤਾ ਗਿਆ ਹੈ ਕਿ ਇਸ ਦਿਹਾੜੇ ਦੀ ਅਸਲ ਤਾਰੀਖ ਕਿਹੜੀ ਹੈ?

ਮਹਾਨ ਕੋਸ਼ ਵਿੱਚ ਇਸ ਦਿਹਾੜੇ ਦੀ ਤਾਰੀਖ (ਪ੍ਰਵਿਸ਼ਟਾ) 28 ਮਾਘ ਸੰਮਤ 1818 ਬਿ: ਦਰਜ ਹੈ। ਇਸ ਮੁਤਾਬਕ ਇਹ 6 ਫਰਵਰੀ 1762 ਈ: ਬਣਦੀ ਹੈ। ਪੰਜਾਬੀ ਵਿਸ਼ਵ ਕੋਸ਼ ਵਿੱਚ ਇਹ ਤਾਰੀਖ 2 ਫਰਵਰੀ 1762 ਈ: (28 ਮਾਘ ਸੰਮਤ 1818) ਦਰਜ ਹੈ। (ਪੁਨਜਓਬਿਪਏਦਿਓ.ਰਗ) ਇਹ ਤਾਰੀਖ ਸਹੀ ਨਹੀਂ ਹੈ ਅੰਗਰੇਜੀ ਤਾਰੀਖ ਵਿੱਚ ਬਦਲੀ ਕਰਨੇ ਵੇਲੇ ਹੋਈ ਉਕਾਈ ਸਾਫ ਨਜ਼ਰ ਆਉਂਦੀ ਹੈ। ਡਾ ਸੁਖਦਿਆਲ ਸਿੰਘ ਅਤੇ ਡਾ ਹਰਜਿੰਦਰ ਸਿੰਘ ਦਿਲਗੀਰ ਨੇ 5 ਫਰਵਰੀ 1762 ਈ: ਲਿਖੀ ਹੈ। ਇਸ ਮੁਤਾਬਕ ਇਹ 27 ਮਾਘ ਸੰਮਤ 1818 ਬਿਕ੍ਰਮੀ ਹੀ ਬਣਦੀ ਹੈ। ਨਾਨਕਸ਼ਾਹੀ ਕੈਲੰਡਰ ਬਣਾਉਣ ਵਾਲੀ ਕਮੇਟੀ ਨੇ ਵੀ 27 ਮਾਘ ਨੂੰ ਹੀ ਮੁੱਖ ਰੱਖਿਆ ਹੈ।

27 ਮਾਘ ਬਿਕ੍ਰਮੀ ਕੈਲੰਡਰ ਦਾ ਪ੍ਰਵਿਸ਼ਟਾ ਹੈ। ਜਿਸ ਦੇ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਸੀ। 1964 ਈ: ਵਿੱਚ ਇਸ ਕੈਲੰਡਰ ਵਿੱਚ ਕੀਤੀ ਗਈ ਸੋਧ ਮੁਤਾਬਕ ਹੁਣ ਇਸ ਦੇ ਸਾਲ ਦੀ ਲੰਬਾਈ 365.2563 ਦਿਨ (ਦ੍ਰਿਕ ਗਿਣਤ ਸਿਧਾਂਤ) ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੈਲੰਡਰ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਹੀ ਛਾਪਿਆ ਜਾਂਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਗੁਰੂ ਕਾਲ ਵਾਲੇ ਕੈਲੰਡਰ ਨੂੰ ਛੱਡ ਚੁੱਕੀ ਹੈ। 5 ਫਰਵਰੀ ਗਰੈਗੋਰੀਅਨ ਕੈਲੰਡਰ ਦੀ ਤਾਰੀਖ ਹੈ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ। 27 ਮਾਘ ਸੰਮਤ 1818 ਬਿਕ੍ਰਮੀ ਵਾਲੇ ਦਿਨ ਗਰੈਗੋਰੀਅਨ ਕੈਲੰਡਰ ਦੀ 5 ਫਰਵਰੀ ਸੀ। ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਇਸ ਸਾਲ (2024 ਈ:, ਸੰਮਤ 2080 ਬਿਕ੍ਰਮੀ ) 27 ਮਾਘ ਨੂੰ 9 ਫਰਵਰੀ ਹੈ । ਜੇ ਇਹ ਕੈਲੰਡਰ ਇਸੇ ਤਰ੍ਹਾਂ ਹੀ ਚਲਦਾ ਰਹੇ ਤਾਂ 3000 ਈ: ਵਿੱਚ 27 ਮਾਘ ਨੂੰ 23 ਫਰਵਰੀ ਜਾਂ 5 ਫਰਵਰੀ ਨੂੰ 9 ਮਾਘ ਹੋਵੇਗੀ। ਉਸ ਵੇਲੇ ਇਹ ਦਿਹਾੜਾ ਕਿਹੜੀ ਤਾਰੀਖ ਜਾਂ ਕਿਹੜੇ ਪ੍ਰਵਿਸ਼ਟੇ ਨੂੰ ਮਨਾਇਆ ਜਾਵੇਗਾ?




ਹੁਣ ਸਵਾਲ ਇਹ ਹੈ ਕਿ, ਕੀ ਅਸੀਂ ਇਹ ਦਿਹਾੜਾ ਆਪਣੇ ਖਿਤੇ ਵਿੱਚ ਪ੍ਰਚੱਲਤ ਉਸ ਵੇਲੇ ਦੇ ਕੈਲੰਡਰ ਮੁਤਾਬਕ ਅਸਲ ਪ੍ਰਵਿਸ਼ਟੇ ਭਾਵ 27 ਮਾਘ ਨੂੰ ਮਨਾਉਣਾ ਹੈ ਜਾਂ ਵਿਦੇਸ਼ੀ ਕੈਲੰਡਰ ਮੁਤਾਬਕ 5 ਫਰਵਰੀ ਨੂੰ? ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਇਤਿਹਾਸ ਦਿਹਾੜਿਆਂ ਦੀਆਂ ਤਾਰੀਖਾਂ ਤਿੰਨ ਕੈਲੰਡਰਾਂ ਮੁਤਾਬਕ ਨਿਰਧਾਰਤ ਕਰਕੇ, ਪ੍ਰਵਿਸ਼ਟਿਆਂ ਵਿੱਚ ਦਰਜ ਕੀਤੀਆਂ ਜਾਂਦੀਆਂ। ਕੁਝ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ 354.37 ਦਿਨ), ਕੁਝ ਦਿਹਾੜੇ ਸੂਰਜੀ ਬਿਕ੍ਰਮੀ ਕੈਲੰਡਰ ਅਨੁਸਾਰ (ਸਾਲ ਦੀ ਲੰਬਾਈ 365.2587 ਦਿਨ) ਅਤੇ ਕੁਝ ਦਿਹਾੜੇ ਅੰਗਰੇਜੀ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ, 2 ਸਤੰਬਰ 1752 ਈ: ਤੋਂ ਪਹਿਲਾ 365.25 ਦਿਨ ਅਤੇ 14 ਸਤੰਬਰ 1752 ਈ: ਤੋਂ ਪਿਛੋਂ 365.2425 ਦਿਨ)। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਇਸ ਸਮੱਸਿਆ ਦਾ ਹੱਲ ਹੈ ਨਾਨਕਸ਼ਾਹੀ ਕੈਲੰਡਰ। ਕੈਲੰਡਰ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ ਸਾਰੇ ਦਿਹਾੜਿਆਂ ਦੇ ਅਸਲ ਪ੍ਰਵਿਸ਼ਟਿਆਂ ਨੂੰ ਹੀ ਮੁੱਖ ਰੱਖਿਆ ਗਿਆ। ਸਾਲ ਦੀ ਲੰਬਾਈ, ਪ੍ਰਚੱਲਤ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ (365.2563 ਦਿਨ) ਨੂੰ ਸੋਧ ਕੇ, ਕੁਦਰਤ ਦੇ ਨਿਯਮ ਮੁਤਾਬਕ, ਧਰਤੀ ਵੱਲੋਂ ਸੂਰਜ ਦੁਆਲੇ ਇਕ ਚੱਕਰ ਪੂਰਾ ਕਰਨ ਦੇ ਅਸਲ ਸਮੇਂ ਮੁਤਾਬਕ 365.2425 ਦਿਨ ਰੱਖੀ ਗਈ ਹੈ। ਸਾਲ ਦੀ ਲੰਬਾਈ ਦੇ ਅੰਤਰ ਕਾਰਨ, ਦੁਨੀਆ ਦੇ ਸਾਂਝੇ ਕੈਲੰਡਰ ਦੀਆਂ ਤਾਰੀਖਾਂ ਨਾਲ, ਅੱਗੋਂ ਤੋਂ ਇਨ੍ਹਾਂ ਵਿੱਚ ਫਰਕ ਨਹੀਂ ਵੱਧੇਗਾ। ਨਾਨਕਸ਼ਾਹੀ ਕੈਲੰਡਰ ਵਿੱਚ ਵੱਡੇ ਘੱਲੂਘਾਰੇ ਦਾ ਅਸਲ ਪ੍ਰਵਿਸ਼ਟਾ, 27 ਮਾਘ ਹੀ ਦਰਜ ਹੈ। ਇਸ ਦਿਨ ਦੁਨੀਆ ਦੇ ਸਾਂਝੇ ਕੈਲੰਡਰ ਦੀ 8 ਫਰਵਰੀ ਹੁੰਦੀ ਹੈ। ਸੰਮਤ 1532 ਨਾਨਕਸ਼ਾਹੀ (3000 ਈ:) ਵਿੱਚ ਵੀ 27 ਮਾਘ ਵਾਲੇ ਦਿਨ 8 ਫਰਵਰੀ ਹੀ ਹੋਵੇਗੀ। ਜਦੋਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਕੈਲੰਡਰ ਮੁਤਾਬਕ 3000 ਈ: ਵਿੱਚ 27 ਮਾਘ ਵਾਲੇ ਦਿਨ 23 ਫਰਵਰੀ ਹੋਵੇਗੀ।

# ਲੱਦਾਖ ਦੇ ਲੋਕ ਪਏ ਅੰਦੋਲਨ ਦੇ ਰਾਹ

ਮੈਗਸੇਸੇ ਐਵਾਰਡ ਜੇਤੂ ਤੇ ਲੱਦਾਖ ਲਈ ਵਿਸ਼ੇਸ਼ ਦਰਜੇ ਦੀ ਮੰਗ ਕਰਨ ਵਾਲਿਆਂ ਦੇ ਆਗੂ ਸੋਨਮ ਵਾਂਗਚੁੱਕ, ਜੋ ਕਿ ਪਰਿਆਵਰਣਵਾਦੀ ਵੀ ਹੈ, ਨੇ ਦੋਸ਼ ਲਾਇਆ ਹੈ ਕਿ ਕੇਂਦਰ ਸ਼ਾਸਤ ਪ੍ਰਦੇਸ਼ ਦੇ ਚੁਣੇ ਹੋਏ ਨੁਮਾਇੰਦੇ ਖਿੱਤੇ ਦੇ ਕੁਦਰਤੀ ਸੋਮਿਆਂ ਦੀ ਲੁੱਟ ਕਰਾਉਣ ਵਿਚ ਵੱਡੀਆਂ ਸਨਅਤੀ ਲਾਬੀਆਂ ਨਾਲ ਰਲ ਗਏ ਹਨ। ਵਾਂਗਚੁੱਕ ਨੇ ਨਾਂਅ ਤਾਂ ਨਹੀਂ ਲਿਆ, ਪਰ ਲੱਦਾਖ ਤੋਂ ਲੋਕ ਸਭਾ ਮੈਂਬਰ ਜਾਮਯੰਗ ਸੇਰਿੰਗ ਨਾਮਗਯਾਲ ਭਾਜਪਾ ਦਾ ਹੈ। ਲੇਹ ਔਟੋਨੋਮਸ ਹਿਲ ਡਿਵੈੱਲਪਮੈਂਟ ਕੌਂਸਲ 'ਤੇ ਵੀ ਭਾਜਪਾ ਕਾਬਜ਼ ਹੈ। ਵਾਂਗਚੁੱਕ ਨੇ ਇਹ ਬਹੁਤ ਹੀ ਗੰਭੀਰ ਦੋਸ਼ ਸ਼ਨੀਵਾਰ ਸੰਵਿਧਾਨ ਦੇ ਛੇਵੇਂ ਸ਼ਡਿਊਲ ਤਹਿਤ ਲੱਦਾਖ ਨੂੰ ਰਾਜ ਬਣਾਉਣ ਤੇ ਵਿਸ਼ੇਸ਼ ਦਰਜਾ ਦੇਣ ਲਈ ਲੇਹ ਵਿਚ ਹੋਈ ਵਿਸ਼ਾਲ ਰੈਲੀ ਮੌਕੇ ਲਾਇਆ। ਇਸ ਦੇ ਹੁੰਗਾਰੇ ਵਿਚ ਲੋਕਾਂ ਨੇ 'ਸ਼ੇਮ-ਸ਼ੇਮ' ਦੇ ਨਾਅਰੇ ਲਾਏ। ਰੈਲੀ ਵਾਲੇ ਦਿਨ ਕਾਰਗਿਲ ਜ਼ਿਲ੍ਹੇ ਵਿਚ ਮੁਕੰਮਲ ਬੰਦ ਰਿਹਾ ਅਤੇ ਸਥਾਨਕ ਬੋਧੀ ਤੇ ਮੁਸਲਮ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਲੇਹ ਵਿਚ ਹਜ਼ਾਰਾਂ ਲੋਕ ਪੁੱਜੇ। ਦੋਹਾਂ ਜਥੇਬੰਦੀਆਂ ਨੇ ਇਸ ਕਰਕੇ ਹੱਥ ਮਿਲਾਇਆ ਹੈ ਕਿ ਬਾਹਰਲੇ ਲੋਕ ਉਨ੍ਹਾਂ ਦੀਆਂ ਜ਼ਮੀਨਾਂ ਤੇ ਨੌਕਰੀਆਂ 'ਤੇ ਕਬਜ਼ੇ ਕਰ ਲੈਣਗੇ। ਰੈਲੀ ਵਿਚ ਲੱਦਾਖ ਦੀ ਕਰੀਬ ਤਿੰਨ ਲੱਖ ਦੀ ਆਬਾਦੀ ਵਿੱਚੋਂ 30 ਹਜ਼ਾਰ ਮਰਦ ਤੇ ਔਰਤਾਂ ਸ਼ਾਮਲ ਹੋਏ। ਦਰਅਸਲ 2019 ਵਿਚ ਲੱਦਾਖ ਨੂੰ ਜੰਮੂ-ਕਸ਼ਮੀਰ ਤੋਂ ਵੱਖਰਾ ਕਰਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਵੇਲੇ ਕੇਂਦਰੀ ਹਾਕਮਾਂ ਨੇ ਲੱਦਾਖ ਨੂੰ ਵਿਸ਼ੇਸ਼ ਦਰਜਾ ਦੇਣ ਦੀ ਮੰਗ ਦੀ ਹਮਾਇਤ ਕੀਤੀ ਸੀ, ਪਰ ਉਸ ਤੋਂ ਬਾਅਦ ਕੁਝ ਨਹੀਂ ਕੀਤਾ। ਵਿਸ਼ੇਸ਼ ਦਰਜਾ ਨਾ ਦੇਣ ਪਿੱਛੇ ਮੁੱਖ ਕਾਰਨ ਇਹ ਹੈ ਕਿ ਫਿਰ ਖਿੱਤੇ ਦੀ ਲੁੱਟਮਾਰ ਕਰਨ ਵਿਚ ਅੜਿੱਕਾ ਪਵੇਗਾ। ਵੱਡੀਆਂ ਸਨਅਤੀ ਲਾਬੀਆਂ ਲੱਦਾਖ ਦੇ ਪਹਾੜਾਂ ਤੇ ਵਾਦੀਆਂ ਵਿਚ ਖਣਨ ਕਰਕੇ ਮੋਟੀ ਕਮਾਈ ਕਰਨਾ ਚਾਹੁੰਦੀਆਂ ਹਨ। ਇਹ ਲਾਬੀਆਂ ਭਵਿੱਖ ਬਾਰੇ ਨਹੀਂ ਸੋਚਦੀਆਂ। ਉਨ੍ਹਾਂ ਨੂੰ ਆਪਣੀ ਕਮਾਈ ਨਾਲ ਮਤਲਬ ਹੈ। ਇਨ੍ਹਾਂ ਨੇ ਹਿਮਾਚਲ ਤੇ ਉੱਤਰਾਖੰਡ ਦਾ ਸਤਿਆਨਾਸ ਕਰ ਦਿੱਤਾ ਹੈ ਤੇ ਹੁਣ ਇਨ੍ਹਾਂ ਦੀ ਨਜ਼ਰ ਲੱਦਾਖ 'ਤੇ ਹੈ। ਲੱਦਾਖ ਦੇ ਕਈ ਚੁਣੇ ਹੋਏ ਨੁਮਾਇੰਦੇ ਵੀ ਇਨ੍ਹਾਂ ਨਾਲ ਰਲ ਗਏ ਹਨ। ਉਹ ਲੋਕਾਂ ਨੂੰ ਕਹਿ ਰਹੇ ਹਨ ਕਿ ਵਿਸ਼ੇਸ਼ ਦਰਜੇ ਦੀ ਮੰਗ ਕੁਝ ਕੁ ਲੋਕ ਕਰ ਰਹੇ ਹਨ। ਇਨ੍ਹਾਂ ਆਗੂਆਂ ਨੂੰ ਪਤਾ ਹੈ ਕਿ ਜੇ ਛੇਵੇਂ ਸ਼ਡਿਊਲ ਮੁਤਾਬਕ ਵਿਸ਼ੇਸ਼ ਦਰਜਾ ਨਾ ਮਿਲਿਆ ਤਾਂ ਸਨਅਤੀ ਘਰਾਣਿਆਂ ਨੂੰ ਲੁੱਟ ਕਰਨੀ ਆਸਾਨ ਰਹੇਗੀ। ਵਾਂਗਚੁੱਕ ਨੇ ਪਿਛਲੇ ਸਾਲ ਪੰਜ ਦਿਨ ਵਰਤ ਰੱਖ ਕੇ ਉਨ੍ਹਾਂ ਖਤਰਿਆਂ ਨੂੰ ਉਭਾਰਿਆ ਸੀ, ਜਿਨ੍ਹਾਂ ਦਾ ਬਾਹਰਲਿਆਂ ਦੀ ਆਮਦ ਨਾਲ ਲੱਦਾਖ ਦੇ ਚੌਗਿਰਦੇ ਨੂੰ ਸਾਹਮਣਾ ਕਰਨਾ ਪਵੇਗਾ। ਨਵਾਂ ਜ਼ਮਾਨਾ

# 2024 ਲਈ ਸਰੀ ਪੁਲਿਸ ਸੇਵਾ ਲਈ 142 ਮਿਲੀਅਨ ਡਾਲਰ ਦੇ ਆਰਜ਼ੀ ਬਜਟ ਵੇਰਵੇ ਕੀਤੇ ਸਾਂਝੇ

ਸਰੀ: ਇੱਕ ਪਾਸੇ ਜਿਥੇ ਸਰੀ ਪੁਲਿਸ ਨੂੰ ਲੈ ਕੇ ਸੂਬਾ ਸਰਕਾਰ ਅਤੇ ਸਰੀ ਦੀ ਮੇਅਰ ਦਰਮਿਆਨ ਰੇੜਕਾ ਪਿਆ ਹੋਇਆ ਉਥੇ ਹੀ ਹੁਣ ਸਰੀ ਪੁਲਿਸ ਬੋਰਡ ਦੇ ਪ੍ਰਸ਼ਾਸਕ ਮਾਈਕ ਸੇਰ ਨੇ ਸਰੀ ਪੁਲਿਸ ਸਰਵਿਸ ਦੇ 2024 ਲਈ ਆਰਜ਼ੀ ਬਜਟ ਦੇ ਵੇਰਵਿਆਂ ਦਾ ਖੁਲਾਸਾ ਕਰ ਦਿੱਤਾ ਹੈ।ਸਰੀ ਪੁਲਿਸ ਬੋਰਡ ਦੇ ਪ੍ਰਸ਼ਾਸਕ ਮਾਈਕ ਸੇਰ ਨੇ ਕਿਹਾ ਕਿ ਆਰਜ਼ੀ ਬਜਟ 30 ਨਵੰਬਰ ਨੂੰ ਸਿਟੀ ਆਫ ਸਰੀ ਨੂੰ ਪੇਸ਼ ਕੀਤਾ ਗਿਆ ਸੀ ਪਰ ਸਿਟੀ ਵਲੋਂ ਅਜੇ ਤੱਕ ਇਸ ਸਬੰਧੀ ਕੋਈ ਹਾਂ-ਨਾਹ ਦਾ ਜਵਾਬ ਨਹੀਂ ਦਿੱਤਾ ਗਿਆ।

ਮਾਈਕ ਨੇ ਕਿਹਾ "ਕਈ ਦਿਨ ਹੋ ਗਏ ਹਨ ਪਰ ਅਸੀਂ ਇਹ ਨਹੀਂ ਸੁਣਿਆ ਕਿ ਸਾਡਾ ਬਜਟ ਅਜੇ ਸਵੀਕਾਰ ਹੋਇਆ ਹੈ ਜਾਂ ਨਹੀਂ ਪਰ ਮੈਨੂੰ ਉਮੀਦ ਹੈ ਕਿ ਅਸੀਂ ਇਸ ਬਜਟ ਨੂੰ ਮਨਜ਼ੂਰੀ ਦੇ ਸਕਦੇ ਹਾਂ ਅਤੇ ਅੱਗੇ ਵਧ ਸਕਦੇ ਹਾਂ ਕਿਉਂਕਿ ਕੋਈ ਵੀ ਦੇਰੀ ਤਬਦੀਲੀ ਨੂੰ ਅੱਗੇ ਵੱਧਣ ਵਿੱਚ ਰੋਕ ਨਹੀਂ ਸਕਦੀ ਅਤੇ ਪੁਲਿਸ ਤਬਦੀਲੀ ਵਿੱਚ ਸਰੀ ਸ਼ਹਿਰ ਲਈ ਮਹਿੰਗੀ ਸਾਬਤ ਹੋ ਸਕਦੀ ਹੈ।"

ਉਨ੍ਹਾਂ ਕਿਹਾ ਆਰ.ਸੀ.ਐਮ.ਪੀ. ਅਤੇ ਐਸ.ਪੀ.ਐਸ. ਨੂੰ ਇੱਕੋ ਸਮੇਂ ਚਲਾਉਣ ਲਈ ਸਰੀ ਦੇ ਟੈਕਸਦਾਤਾਵਾਂ ਨੂੰ $8 ਮਿਲੀਅਨ ਪ੍ਰਤੀ ਮਹੀਨਾ ਖਰਚ ਕਰਨਾ ਪੈ ਰਿਹਾ ਹੈ।

ਮਾਈਕ ਨੇ ਕਿਹਾ "ਮੇਰਾ ਮੰਨਣਾ ਹੈ ਕਿ ਜਨਤਾ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਐਸ.ਪੀ.ਐਸ. ਨੂੰ 2024 ਵਿੱਚ ਕੀ ਚਾਹੀਦਾ ਹੈ ? ਇਹ ਬਜਟ ਐਸ.ਪੀ.ਐਸ. ਦੇ ਖਰਚਿਆਂ ਨੂੰ ਪੂਰਾ ਕਰਨ ਲਈ ਹੈ। ਖਰਚਿਆਂ ਨੂੰ ਕਾਬੂ ਕਰਨ ਲਈ, ਸਾਨੂੰ ਆਰ.ਸੀ.ਐਮ.ਪੀ. ਅਤੇ ਸਿਟੀ ਆਫ ਸਰੀ ਵਿੱਚ ਆਪਣੇ ਭਾਈਵਾਲਾਂ ਨਾਲ ਪ੍ਰਸ਼ਾਸਕੀ ਖਰਚਿਆਂ ਵਿੱਚ ਓਵਰਲੈਪ ਨੂੰ ਖਤਮ ਕਰਨ ਲਈ ਕੰਮ ਕਰਨ ਦੀ ਲੋੜ ਹੈ।

ਮਾਈਕ ਨੇ ਕਿਹਾ ਕਿ ਸਰੀ ਕੌਂਸਲ ਆਰਸੀਐਮਪੀ ਨੂੰ ਐਸਪੀਐਸ ਦੁਆਰਾ ਤਬਦੀਲ ਕੀਤੇ ਜਾਣ ਦਾ ਵਿਰੋਧ ਕਰ ਰਹੀ ਹੈ ਪਰ ਉਮੀਦ ਹੈ ਕਿ ਇਹ ਪੇਸ਼ ਕੀਤਾ ਗਿਆ ਬਜਟ ਕੌਂਸਲ ਨੂੰ ਪੁਲਿਸ ਤਬਦੀਲੀ ਅੱਗੇ ਵਧਾਉਣ ਲਈ ਆਗਿਆ ਦੇਵੇਗਾ ਜਿਸ ਨਾਲ ਸਰੀ ਦੇ ਵਸਨੀਕਾਂ ਨੂੰ, ਕਾਰੋਬਾਰਾਂ ਨੂੰ ਆਰਾਮ ਮਿਲੇਗਾ।

ਮੀਡੀਆ ਲਈ ਇੱਕ ਤਕਨੀਕੀ ਬ੍ਰੀਫਿੰਗ ਤੋਂ ਬਾਅਦ, ਸੇਰ ਨੇ 2024 ਲਈ $142 ਮਿਲਅੀਨ ਦੇ ਆਰਜ਼ੀ ਬਜਟ ਦੇ ਵੇਰਵੇ ਸਾਂਝੇ ਕੀਤੇ।

ਮਾਈਕ ਨੇ ਕਿਹਾ ਕਿ ਜੇਕਰ ਐਸ.ਪੀ.ਐਸ. ਲਈ 2024 ਦੇ ਆਰਜ਼ੀ ਬਜਟ ਨੂੰ ਸਿਟੀ ਕੌਂਸਲ ਦੁਆਰਾ ਮਨਜ਼ੂਰੀ ਦਿੱਤੀ ਜਾਂਦੀ ਹੈ ਤਾਂ ਇਹ ਇਸ ਸਾਲ ਪੁਲਿਸਿੰਗ ਲਈ ਸਰੀ ਨੂੰ ਉਪਲਬਧ ਫੰਡਾਂ ਦਾ 42 ਪ੍ਰਤੀਸ਼ਤ ਬਣਦਾ ਹੈ। ਇਸ ਵਿੱਚ ਸੂਬਾਈ ਸਰਕਾਰ ਤੋਂ $30 ਮਿਲੀਅਨ ਵੀ ਸ਼ਾਮਲ ਹਨ।

ਉਨ੍ਹਾਂ ਦੱਸਿਆ ਐਸ.ਪੀ.ਐਸ. ਓਪਰੇਸ਼ਨਾਂ ਦੇ ਤਹਿਤ, $102,761,570 ਤਨਖਾਹਾਂ ਅਤੇ ਖਰਚਿਆਂ ਲਈ ਅਤੇ $16,758,285 "ਹੋਰ ਓਪਰੇਟਿੰਗ ਖਰਚਿਆਂ" ਲਈ ਹੈ, ਕੁੱਲ ਐਸ.ਪੀ.ਐਸ. ਓਪਰੇਸ਼ਨਾਂ ਲਈ ਕੁੱਲ $119,519,855 ਲਈ। ਸਾਜ਼ੋ-ਸਾਮਾਨ ਅਤੇ ਹੋਰ ਖਰਚੇ $6,636,383 ਅਤੇ $15,354,815 ਪੋਲਿਸਿੰਗ ਪਰਿਵਰਤਨ ਪ੍ਰੋਜੈਕਟ ਫੰਡ ਲਈ ਹਨ।

ਮਾਈਕ ਸੇਰ ਨੇ ਉਮਦ ਜਤਾਉਂਦੇ ਹੋਏ ਕਿਹਾ ਕਿ ਅਗਲੇ ਢਾਈ ਸਾਲਾਂ ਦੇ ਅੰਦਰ ਸਰੀ ਦੀ ਪੁਲਿਸ ਤਬਦੀਲੀ ਦਾ ਕੰਮ ਪੂਰਾ ਹੋ ਜਾਵੇਗਾ।

FARM MORTGAGE SPECIALIST
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Plus Professional Mortgage Consultants
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
5 YEAR FIXED
5.29 %*
QUICK & EASY APPROVALS

*Rates are subject to change. O.A.C. Some Conditions Apply. VERICO A.K. MORTGAGE PLUS INC

www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

CONSUMER CHOICE AWARD 2018 VANCOUVER
Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





**Chris Kozakiewicz**
**BSc., R.D.**

Mon-Fri: 9am-5pm, Saturdays By Appointment

**Scott 72 Shopping Centre**
**#209- 7313-120th St., Delta ( Above London Drugs & Staples )**

**604.590.1111**

.Ck Auto.

# CK AUTO SERVICES LTD.



- Tune Ups
- Oil Change
- Wheel alignment
- Transmission
- Electrical
- Air Condition
- Electronic Fuel Injection
- Brakes
- Repairs
- Propane & Natural Gas
- Computerized Wheel Alignment
- Tires & Wheel Balancing

AUTO REPAIR SERVICES



-REASONABLE RATES
-EXPERIENCED -QUALITY WORK

.Ck Auto.



TARSHOTAM BIRAN

**Cell: 778-322-1610**
**Tel: 604-592-2667**
**#106-13112-84th Ave.,Surrey**
Open Mon to Sat 9 am to 6pm
SUNDAY CLOSED

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

SARDAR JI CATERING

#1 Services On Your Special Events

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com




**7050 120 Street, Surrey, British Columbia V3W 3M8, Tel: (604) 598-1300 Fax (604) 594-1669**

# ਇਸ ਹਫਤੇ ਦੇ ਪ੍ਰੋਗਰਾਮ

**9 ਫਰਵਰੀ ਦਿਨ ਸ਼ੁੱਕਰਵਾਰ**

*ਸਵੇਰੇ 10 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਪ੍ਰਿਤਪਾਲ ਸਿੰਘ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮੁਕਤਸਰ ਸਾਹਿਬ ਦੇ 40 ਸ਼ਹੀਦ ਸਿੰਘ ਅਤੇ ਸਿੰਘਣੀਆਂ ਦੀ ਯਾਦ ਵਿੱਚ ਜਸਵੰਤ ਸਿੰਘ ਬਸਰਾ ਤੇ ਸਮੂਹ ਪਰਿਵਾਰ ਵੱਲੋਂ

**10 ਫਰਵਰੀ ਦਿਨ ਸ਼ਨੀਵਾਰ**

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਲੰਗਰ ਕੀਰਤਨ ਪਰਿਵਾਰ ਨਵਦੀਪ ਕੌਰ ਅਤੇ ਪਰਿਵਾਰ ਵੱਲੋਂ

*ਦੁਪਹਿਰ 12 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਲੰਗਰ ਕੀਰਤਨ ਪਰਿਵਾਰ ਗਗਨ ਸਿੰਘ ਪੁਰੇਵਾਲ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਲੰਗਰ ਪਰਿਵਾਰ ਜਸਵੀਰ ਸਿੰਘ ਚੱਠਾ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਦੇ ਲੰਗਰਾਂ ਦੀ ਸੇਵਾ ਮੈਕੋ ਫਰਨੀਚਰ ਅਤੇ ਸਮੂਹ ਵੀਰਾਂ ਵੱਲੋਂ

**11 ਫਰਵਰੀ ਦਿਨ ਐਤਵਾਰ**

*ਸਵੇਰੇ 8.30 ਵਜੇ ਭੋਗ 2 ਸ੍ਰੀ ਅਖੰਡ ਪਾਠ ਸਾਹਿਬ

*ਸਵੇਰੇ 10.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਲੰਗਰ ਕੀਰਤਨ ਗੁਰਮੁਖ ਪਰਿਵਾਰ ਵੱਲੋਂ

*ਦਾਹ ਸਸਕਾਰ ਕੇਵਲ ਸਿੰਘ ਦਿਓਲ ਰਿਵਰਸਾਈਡ ਵਿਖੇ 10.30 ਵਜੇ ਹੋਵੇਗਾ, ਦੁਪਹਿਰ 12 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

**12 ਫਰਵਰੀ ਦਿਨ ਸੋਮਵਾਰ**

*7.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਲੰਗਰ ਕੀਰਤਨ ਜਸਪਾਲ ਪਰਿਵਾਰ ਵੱਲੋਂ







ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

**ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।**
**ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ**

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ *ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਭਾਈ ਰਸਵਿੰਦਰ ਸਿੰਘ ਜੀ ਜਲੰਧਰ ਵਾਲੇ, ਭਾਈ ਗੁਰਸ਼ਰਨ ਸਿੰਘ ਯੂ ਕੇ
ਭਾਈ ਜਸਵਿੰਦਰ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ

## ਕਥਾਵਾਚਕ

ਗਿਆਨੀ ਗੁਰਪ੍ਰੀਤ ਸਿੰਘ ਜੀ
ਦਮਦਮੀ ਟਕਸਾਲ ਵਾਲੇ

## ਢਾਡੀ ਜਥਾ

ਗਿਆਨੀ ਮਲਕੀਤ ਸਿੰਘ ਜੀ
ਪਪਰਾਲੀ

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ          ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

# SHRI GURU RAVIDASS SABHA, VANCOUVER

7271 - GILLEY AVENUE, BURNABY BC CANADA, V5J 4W9 TEL: 604 435 9997 FAX: 604 435 7771

Web: www.gururavidasssabha.ca          E-mail: info@gururavidasssabha.com

ਜੈ ਗੁਰੂਦੇਵ ।। ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।। ਜੈ ਭੀਮ ।।




## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**ਇਸ ਸਾਲ 24 ਫਰਵਰੀ ਦਿਨ ਸ਼ਨਿਚਰਵਾਰ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਆ ਰਿਹਾ ਹੈ। ਇਸ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ 11 ਫਰਵਰੀ ਦਿਨ ਐਤਵਾਰ ਸਵੇਰੇ 10 ਵਜੇ ਸ੍ਰੀ ਸਹਿਜ ਪਾਠ ਆਰੰਭ ਕੀਤੇ ਜਾਣਗੇ ਅਤੇ 24 ਫਰਵਰੀ ਦਿਨ ਸ਼ਨਿਚਰਵਾਰ ਸਵੇਰੇ 10 ਵਜੇ ਸ੍ਰੀ ਸਹਿਜਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦੀਵਾਨ ਸਜਣਗੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

## ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸ੍ਰੀ ਅਖੰਡਪਾਠ ਸਾਹਿਬ ਦੀ ਸੇਵਾ

23 ਫਰਵਰੀ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸਵੇਰੇ 10 ਵਜੇ
24 ਫਰਵਰੀ ਦਿਨ ਸ਼ਨਿਚਰਵਾਰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11.30 ਵਜੇ
25 ਫਰਵਰੀ ਦਿਨ ਐਤਵਾਰ ਭੋਗ ਸ੍ਰੀ ਅਖੰਡਪਾਠ ਸਾਹਿਬ ਸਵੇਰੇ 11.30 ਵਜੇ

## ਗੁਰੂ ਕੇ ਲੰਗਰ, ਦੇਗਾਂ ਅਤੇ ਨਿਸ਼ਾਨ ਸਾਹਿਬ ਦੀ ਸੇਵਾ

23 ਫਰਵਰੀ, 2024 ਦਿਨ ਸ਼ੁੱਕਰਵਾਰ ਵਾਲੇ ਦਿਨ ਲੰਗਰਾਂ ਅਤੇ ਦੇਗਾਂ ਦੀ ਸੇਵਾ ਹੇਠ ਲਿਖੇ ਸ਼ਰਧਾਲੂ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ

ਬਿਮਲ ਬੈਂਸ ਬਲਵੀਰੋ ਬੈਂਸ, ਸ਼ਿੰਗਾਰਾ ਔਜਲਾ, ਬੀਬੀ ਸੰਧੂ ਔਜਲਾ, ਲੇਖ ਰਾਜ ਦਾਦਰਾ, ਪਰਮਜੀਤ ਕੈਂਥ, ਰਾਜਾ ਬੰਗੜ, ਹਰੀਸ਼ ਬੈਂਸ ਬੀਬੀ ਪੁਸ਼ਵਿੰਦਰ ਬੈਂਸ, ਪ੍ਰਦੀਪ ਮਹੇਂ, ਸੁਰਿੰਦਰ ਝੱਲੀ, ਬੀਬੀ ਸੁਦੇਸ਼ ਝੱਲੀ, ਰਾਜਿੰਦਰ ਹੀਰਾ ਅਤੇ ਬੀਬੀ ਊਸ਼ਾ ਹੀਰ

24 ਫਰਵਰੀ ਦਿਨ ਸ਼ਨਿਚਰਵਾਰ, 2024 ਵਾਲੇ ਦਿਨ ਲੰਗਰਾਂ ਤੇ ਦੇਗਾਂ ਦੀ ਸੇਵਾ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਕਮਲ ਝੱਲੀ ਤੇ ਸਮੂਹ ਝੱਲੀ ਪਰਿਵਾਰ ਤੇ ਹੋਰ ਰਿਸ਼ਤੇਦਾਰ ਪਰਿਵਾਰਾਂ ਵੱਲੋਂ ਹੋਵੇਗੀ।

25 ਫਰਵਰੀ ਦਿਨ ਐਤਵਾਰ, 2024 ਵਾਲੇ ਦਿਨ ਲੰਗਰਾਂ ਤੇ ਦੇਗਾਂ ਦੀ ਸੇਵਾ ਦਿਲਬਾਗ ਰਾਏ ਜੀ ਦੇ ਪਰਿਵਾਰ ਤੇ ਰਿਸ਼ਤੇਦਾਰ ਪਰਿਵਾਰਾਂ ਵੱਲੋਂ ਹੋਵੇਗੀ।

ਨੋਟ:ਤਿੰਨੇ ਹੀ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ ਤੇ ਕੀਰਤਨ ਦੀਵਾਨ ਸਜਣਗੇ।

ਗੁਰੂ ਪਿਆਰੀ ਸਾਧ ਸੰਗਤ ਜੀ, ਬਹੁਤ ਹੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂਘਰ ਦੀ ਨਵੀਂ ਇਮਾਰਤ ਦਾ ਕੰਮ ਸ਼ੁਰੂ ਹੋ ਚੁੱਕਾ ਹੈ, ਸੋ ਆਪਣੀ ਕਿਰਤ ਕਮਾਈ ਨੂੰ ਸਫਲਾ ਕਰਦੇ ਹੋਏ ਵੱਧ ਤੋਂ ਵੱਧ ਮਾਇਆ ਦਾਨ ਕਰੋ ਜੀ ਤਾਂ ਜੋ ਗੁਰੂਘਰ ਦੀ ਨਵੀਂ ਇਮਾਰਤ ਦਾ ਕੰਮ ਨੇਪਰੇ ਚੜ੍ਹ ਸਕੇ ਜੀ।     ਧੰਨਵਾਦ

Watch Live Programme on Facebook page at Shri Guru Ravidass Sabha Vancouver, British Columbia

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਪਤੇ, ਫੋਨ ਨੰਬਰ ਅਤੇ ਈਮੇਲ ਬਦਲ ਗਏ ਹਨ, ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਨੋਟ ਕਰਵਾ ਦਿਉ ਜੀ।

ਲੰਗਰ, ਵਿਆਹ ਸ਼ਾਦੀ, ਅਖੰਡ ਪਾਠ ਸਾਹਿਬ, ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ ਬੁਕਿੰਗ ਕਰਵਾਉਣ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

TO BOOK PROGRAMS OR GURDWARA SEVA AND OTHER INFORMATION PLEASE CONTACT: 604-435-9997

ਅਸੀਂ ਗੁਰੂ ਰਵਿਦਾਸ ਸਭਾ 'ਚ ਲੰਗਰ ਸੇਵਾ ਲਈ ਕਮਿਊਨਿਟੀ/ਸੰਗਤ ਨੂੰ ਬੇਨਤੀ ਕਰਦੇ ਹਾਂ। ਲੰਗਰ ਸੇਵਾ ਦੇ ਦਿਨਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਲਈ ਕਿਰਪਾ ਸੰਪਰਕ ਕਰੋ:

**President**
BILL BASRA 604-725-4048
*Vice Presidents:*
HUKAM CHAND 604-364-7890
*2nd Vice Presidents:*
PARMJIT S. KAINTH 604-773-9393

**General Secretary**
GURMUKH SINGH SIDHU
778-898-6813
*Assistant Secretary:*
ARONJIT LAGERI 778-251-2138

**Treasurer**
HARBHAJAN LAL MAHEY
604-724-5333
*Assistant Treasurer:*
RAJKUMAR BANGER 778-227-2459

**BOARD OF DIRECTORS:**
Harvinder Lalli, Santokh Ram Jassal, Parmjeet Saroya, Rajesh Kumar Toora, Surinder Kalsi, Balmukand Singh

**BOARD OF TRUSTEES**
Gurbaksh Singh Dhanda, Makhan Ram Chamba, Harjinder Singh Sahni, Shingara Ram Aujla, Sudarshan Kumar Ardhawa, Piara Singh Hira, Prem Nath Mall

# LANGLEY BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ

ਲੈਂਗਲੀ ਬੈਂਕੁਇਟ ਹਾਲ

ਬੁੱਕ ਕਰੋ।

- Wedding • Corporate Events
- Private Dinner • Bithday Parties
- Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।

Call:Davinder Grewal

**604-537-9759**

info@langleybanquethall.com

3227 264 St UNIT #6, Aldergrove, BC V4W 2X3



# ਇੰਡੋ-ਕੈਨੇਡਾ ਟਰੈਵਲ ਏਜੰਸੀ

INDO CANADA TRAVEL AGENCY



## ਘੱਟ ਕਿਰਾਇਆ - ਸਹੀ ਸਲਾਹ

*Best Airfares with Quality Assistance*

ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ

+1 604 388 9696 , 604 503 8011

#217-8028-128St, Surrey, BC

(Little India Plaza) (Second Floor)



# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ, ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: **604-203-7272**

7236 -120St, Surrey, BC Email:info@dreambanquethall.ca



# ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)

ਨੂੰ ਫੋਨ ਕਰੋ: **604-518-3637**

ਜਾਂ ਈਮੇਲ ਕਰੋ hssandhupcs@gmail.com





# FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

## CLOVERDALE VILLAGE DENTAL

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

**604-579-0102**

# ਆਪ' ਪਾਰਟੀ ਤੋਂ ਪੰਜਾਬੀ ਹੋਣ ਲੱਗੇ ਦੂਰ ਦਿੱਲੀ ਰੈਲੀ ਵਿਚ ਪੰਜਾਬੀਆਂ ਦੀ ਘੱਟ ਹਾਜ਼ਰੀ

ਚੰਡੀਗੜ੍ਹ-ਆਮ ਆਦਮੀ ਪਾਰਟੀ ਵਲੋਂ ਬੀਤੇ ਦਿਨੀਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਈ.ਡੀ. ਦੀ ਪੁੱਛਗਿੱਛ ਵਾਲੇ ਦਿਨ ਦਿੱਲੀ ਵਿਖੇ ਰੱਖੇ ਗਏ ਰੋਸ ਮਾਰਚ ਵਿਚ ਪੰਜਾਬ ਦੀ ਹਾਜ਼ਰੀ ਬਹੁਤ ਘੱਟ ਰਹਿਣਾ ਰਾਜਸੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕੇਜਰੀਵਾਲ, ਜੋ ਇਸ ਰੋਸ ਮੁਜ਼ਾਹਰੇ ਨੂੰ ਅਸਰਦਾਰ ਸਾਬਤ ਕਰਨਾ ਚਾਹੁੰਦੇ ਸਨ, ਵਲੋਂ ਪੰਜਾਬ ਤੋਂ ਸਾਰੇ ਸੰਸਦ ਮੈਂਬਰ, ਵਿਧਾਇਕਾਂ ਅਤੇ ਪਾਰਟੀ ਆਗੂਆਂ ਨੂੰ ਵਰਕਰਾਂ ਨਾਲ ਇਸ ਮੌਕੇ ਦਿੱਲੀ ਪੁੱਜਣ ਲਈ ਕਿਹਾ ਸੀ, ਪਰ ਪ੍ਰੋਗਰਾਮ ਲਈ ਪਾਰਟੀ ਨਾ ਤਾਂ ਦਿੱਲੀ 'ਚੋਂ ਹੀ ਪਾਰਟੀ ਵਰਕਰ ਲਾਮਬੰਦ ਕਰ ਪਾਈ, ਸਗੋਂ ਪੰਜਾਬ ਤੋਂ ਵੀ ਪਾਰਟੀ ਦੇ ਬਹੁਤ ਥੋੜ੍ਹੇ ਮੰਤਰੀ, ਵਿਧਾਇਕ ਤੇ ਆਗੂ ਦਿੱਲੀ ਨਜ਼ਰ ਆਏ । ਪੰਜਾਬ ਦੇ ਆਗੂਆਂ ਦੇ ਦਿੱਲੀ ਨਾ ਪੁੱਜਣ ਨੂੰ ਲੈ ਕੇ ਰਾਜ ਦੇ ਸਿਆਸੀ ਹਲਕਿਆਂ ਵਿਚ ਕਈ ਤਰ੍ਹਾਂ ਦੇ ਚਰਚੇ ਸਨ ।ਕੁਝ ਹਲਕਿਆਂ ਦਾ ਮੰਨਣਾ ਸੀ ਕਿ ਪੰਜਾਬ ਦੇ ਆਗੂ ਦਿੱਲੀ ਵਿਚ ਜਾ ਕੇ ਨਜ਼ਰਬੰਦ ਹੋਣ ਤੋਂ ਘਬਰਾ ਰਹੇ ਸਨ, ਜਦੋਂ ਕਿ ਕੁਝ ਹਲਕਿਆਂ ਵਲੋਂ ਕੇਂਦਰੀ ਏਜੰਸੀਆਂ ਦੀ ਸਖ਼ਤੀ ਕਾਰਨ ਪਾਰਟੀ ਵਰਕਰਾਂ ਵਿਚਲੀ ਮਾਯੂਸੀ ਨੂੰ ਇਸ ਦਾ ਕਾਰਨ ਦੱਸਿਆ ਜਾ ਰਿਹਾ ਹੈ ।ਸਿਆਸੀ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਭਗਵੰਤ ਮਾਨ ਦੀ ਸਰਕਾਰ ਵਲੋਂ ਪੰਜਾਬੀ ਨਸ਼ਿਆਂ, ਬੇਅਦਬੀ ,ਰੁਜਗਾਰ ਬਾਰੇ ਕੋਈ ਸਟੈਂਡ ਨਾ ਲੈਣ ਕਾਰਣ ਪੰਜਾਬੀ ਨਿਰਾਸ਼ ਹਨ। ਦਿੱਲੀ ਤੋਂ ਭਾਵੇਂ ਕੁਝ ਵਰਕਰਾਂ ਤੇ ਆਗੂਆਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ ਲੇਕਿਨ ਪੰਜਾਬ ਤੋਂ ਪੁੱਜੇ ਕੁਝ ਗਿਣਤੀ ਆਗੂ ਵੀ ਗ੍ਰਿਫ਼ਤਾਰੀ ਦੇਣ ਤੋਂ ਕੰਨੀ ਕਤਰਾ ਗਏ । ਪਹਿਲਾਂ ਚਰਚਾ ਸੀ ਕਿ ਕੇਜਰੀਵਾਲ ਤੇ ਭਗਵੰਤ ਮਾਨ ਰੋਸ ਮੁਜ਼ਾਹਰੇ ਦੀ ਖ਼ੁਦ ਅਗਵਾਈ ਕਰਨਗੇ, ਲੇਕਿਨ ਉਕਤ ਦੋਵਾਂ ਆਗੂਆਂ ਵਲੋਂ ਮੁਜ਼ਾਹਰੇ ਦੀ ਅਗਵਾਈ ਵੀ ਨਹੀਂ ਕੀਤੀ ਗਈ। ਸੂਤਰਾਂ ਅਨੁਸਾਰ ਪਾਰਟੀ ਵਰਕਰ ਇਸ ਮੌਕੇ ਮਾਯੂਸੀ ਦੇ ਆਲਮ ਵਿਚ ਨਜ਼ਰ ਆਏ ।ਦਿੱਲੀ ਪੁਲਿਸ ਦੀ ਸਪੈਸ਼ਲ ਬਰਾਂਚ ਜਿਸ ਵਲੋਂ ਕੇਜਰੀਵਾਲ ਨੂੰ ਪਾਰਟੀ ਵਿਧਾਇਕਾਂ ਦੀ ਖ਼ਰੀਦੋ ਫ਼ਰੋਖ਼ਤ ਦੇ ਦੋਸ਼ਾਂ ਸੰਬੰਧੀ ਦਰਜ ਕੀਤੇ ਗਏ ਨਵੇਂ ਕੇਸ ਦੇ ਸੰਮਨ ਦੇਣ ਲਈ ਉਨ੍ਹਾਂ ਦੇ ਨਿਵਾਸ 'ਤੇ ਲੰਬਾ ਸਮਾਂ ਇੰਤਜ਼ਾਰ ਕੀਤਾ ਗਿਆ, ਲੇਕਿਨ ਕੇਜਰੀਵਾਲ ਉਨ੍ਹਾਂ ਨੂੰ ਨਹੀਂ ਮਿਲ ਸਕੇ ਕੇਜਰੀਵਾਲ ਮੁੱਖ ਮੰਤਰੀ ਪੰਜਾਬ ਨਾਲ ਪਠਾਨਕੋਟ ਵਿਖੇ ਪ੍ਰਵਾਸੀ ਭਾਰਤੀਆਂ ਦੇ ਪ੍ਰੋਗਰਾਮ ਵਿਚ ਨਜ਼ਰ ਆਏ, ਜਿੱਥੇ ਉਨ੍ਹਾਂ ਦੇ ਆਉਣ ਦਾ ਕੋਈ ਪ੍ਰੋਗਰਾਮ ਨਹੀਂ ਸੀ । ਇਸ ਤੋਂ ਸਪੱਸ਼ਟ ਸੀ ਕਿ ਕੇਜਰੀਵਾਲ ਕੇਂਦਰੀ ਏਜੰਸੀਆਂ ਤੋਂ ਬਚਣ ਲਈ ਪੰਜਾਬ ਆ ਗਏ ਹਨ ।ਹਾਲਾਂਕਿ ਈ.ਡੀ. ਨੇ ਕੇਜਰੀਵਾਲ ਵਲੋਂ ਲਗਾਤਾਰ ਪੰਜ ਵਾਰ ਸੰਮਨ ਦੇਣ ਦੇ ਬਾਵਜੂਦ ਪੁੱਛਗਿੱਛ ਲਈ ਪੇਸ਼ ਨਾ ਹੋਣ ਕਾਰਨ ਅਦਾਲਤ ਵਿਚ ਪਹੁੰਚ ਕੀਤੀ ਹੈ । ਆਪ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਕੇਂਦਰੀ ਏਜੰਸੀ ਪੁੱਛਗਿੱਛ ਲਈ ਪੇਸ਼ ਹੋਣ 'ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ ਜਿਵੇਂ ਕਿ ਪਹਿਲਾਂ ਵੀ ਕਈ ਆਗੂਆਂ ਨਾਲ ਹੋਇਆ ਹੈ ।ਲੇਕਿਨ ਪਾਰਟੀ ਸੂਤਰਾਂ ਦਾ ਦੋਸ਼ ਹੈ ਕਿ ਕੇਂਦਰੀ ਏਜੰਸੀਆਂ ਵਲੋਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੀ ਸੂਰਤ ਵਿਚ ਭਾਜਪਾ ਪਾਰਟੀ ਵਿਚ ਮਾਯੂਸੀ ਦਾ ਫ਼ਾਇਦਾ ਉਠਾ ਕੇ ਪਾਰਟੀ ਆਗੂਆਂ ਤੇ ਵਿਧਾਇਕਾਂ ਦੀ ਤੋੜ ਭੰਨ ਲਈ ਵੀ ਕੋਸ਼ਿਸ਼ ਕਰ ਸਕਦੀ ਹੈ ।ਦਿਲਚਸਪ ਗੱਲ ਇਹ ਕਿ ਪੰਜਾਬ ਵਿਚ ਵੀ ਪਾਰਟੀ ਵਿਧਾਇਕਾਂ ਨੂੰ ਖ਼ਰੀਦਣ ਦੀਆਂ ਕੋਸ਼ਿਸ਼ਾਂ ਅਤੇ ਕਰੋੜਾਂ ਰੁਪਏ ਦੀਆਂ ਪੇਸ਼ਕਸ਼ਾਂ ਦੇ ਦੋਸ਼ ਲੱਗੇ ਸਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿਚ 5-6 ਮੰਤਰੀਆਂ ਵਲੋਂ ਡੀ.ਜੀ.ਪੀ. ਪੰਜਾਬ ਨੂੰ ਇਸ ਸੰਬੰਧੀ ਸ਼ਿਕਾਇਤ ਵੀ ਦਿੱਤੀ ਗਈ ਸੀ, ਲੇਕਿਨ ਇਸ ਸੰਬੰਧੀ ਵਿਜੀਲੈਂਸ ਨੂੰ ਦਿੱਤੀ ਗਈ ਜਾਂਚ ਵਿਚ ਕੀ ਤੱਥ ਸਾਹਮਣੇ ਆਏ ਇਸ ਸੰਬੰਧੀ ਮਗਰਲੇ ਕੋਈ ਇਕ ਸਾਲ ਤੋਂ ਵੀ ਵੱਧ ਸਮੇਂ ਵਿਚ ਕੋਈ ਜਾਣਕਾਰੀ ਨਹੀਂ ਦਿੱਤੀ ਗਈ ।ਇਸ ਕੇਸ ਦੀ ਜਾਂਚ ਕਿੱਥੋਂ ਤਕ ਪੁੱਜੀ ਹੈ ਇਸ ਸੰਬੰਧੀ ਵੀ ਸਰਕਾਰ ਨੇ ਕਦੀ ਮੂੰਹ ਨਹੀਂ ਖੋਲ੍ਹਿਆ ।

# ਅਮਰੀਕਾ ਦੀ ਫ਼ੌਜ 'ਚ ਪਹਿਲੇ ਦਸਤਾਰਧਾਰੀ ਸਿੱਖ ਲੈਫਟੀਨੈਂਟ ਕਰਨਲ ਤੇਜਦੀਪ ਸਿੰਘ ਰਤਨ ਲੜਨਗੇ ਸਿਟੀ ਕੌਂਸਲ ਦੀਆਂ ਚੋਣਾਂ



ਕੈਲੀਫੋਰਨੀਆ: ਸਾਲ 2009 ਵਿੱਚ ਆਪਣੇ ਸਿੱਖੀ ਸਰੂਪ ਨਾਲ ਅਮਰੀਕਾ ਦੀ ਫੌਜ ਵਿੱਚ ਭਰਤੀ ਹੋਣ ਲਈ ਆਗਿਆ ਪ੍ਰਾਪਤ ਕਰਨ ਵਾਲੇ ਪਹਿਲੇ ਸਾਬਤ ਸੂਰਤ ਦਸਤਾਰਧਾਰੀ ਸਿੱਖ, ਲੈਫਟੀਨੈਂਟ ਕਰਨਲ ਡਾ. ਤੇਜਦੀਪ ਸਿੰਘ ਰਤਨ ਨੇ ਅਮਰੀਕਾ ਵਿੱਚ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਮਾਊਨਟੇਨ ਹਾਊਸ ਦੀਆਂ ਅਗਾਮੀ ਮਾਰਚ 2024 ਵਾਲੀਆਂ ਸਿਟੀ ਕੌਂਸਲ ਚੋਣਾਂ ਵਿੱਚ ਕਾਊਂਸਲ ਮੈਂਬਰ ਵੱਜੋਂ ਚੋਣ ਲੜਨ ਲਈ ਆਪਣੇ ਨਾਂ ਦਾ ਐਲਾਨ ਕੀਤਾ ਹੈ।

ਕੌਂਸਲ ਦੇ 4 ਮੈਂਬਰਾਂ ਨੂੰ ਚੁਣਨ ਲਈ, ਕੁੱਲ 8 ਉਮੀਦਵਾਰ ਮੈਦਾਨ ਵਿੱਚ ਹਨ ਅਤੇ ਇਹਨਾਂ ਵਿੱਚੋਂ ਸਿਰਫ ਰਤਨ ਹੀ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੇ ਹਨ। ਇਸ ਚੋਣ ਲਈ ਸ਼ਹਿਰ ਵਾਸੀ 5 ਫਰਵਰੀ ਤੋਂ ਲੈ ਕੇ 5 ਮਾਰਚ 2024 ਤੱਕ ਵੋਟਾਂ ਪਾ ਸਕਦੇ ਹਨ।ਡਾ. ਰਤਨ ਨੇ ਸਾਲ 2015 ਵਿੱਚ ਆਪਣੀ ਕੁੱਲ-ਵਕਤੀ ਫੌਜੀ ਸੇਵਾ ਦੀ ਸਮਾਪਤੀ ਤੋਂ ਬਾਅਦ ਮਾਊਨਟੇਨ ਹਾਊਸ ਸ਼ਹਿਰ ਵਿਖੇ ਆਪਣਾ ਘਰ ਖਰੀਦਿਆ ਜਿੱਥੇ ਉਹ ਆਪਣੀ ਪਤਨੀ ਜਸਜੀਤ ਕੌਰ ਅਤੇ ਦੋ ਬੱਚਿਆਂ ਦੇ ਨਾਲ ਰਹਿੰਦੇ ਹਨ। ਉਹ ਕਿੱਤੇ ਵੱਜੋਂ ਇੱਕ ਦੰਦਾਂ ਦੇ ਡਾਕਟਰ ਹੋਣ ਦੇ ਨਾਲ ਫੌਜ ਦੀ ਰਿਜ਼ਰਵ ਬਟਾਲੀਅਨ ਵਿੱਚ ਵੀ ਆਪਣੀ ਸੇਵਾ ਨਿਭਾ ਰਹੇ ਹਨ ਅਤੇ ਹਾਲ ਹੀ ਵਿੱਚ ਉਨ੍ਹਾਂ ਨੂੰ ਨਵੰਬਰ 2024 ਵਿੱਚ ਸ਼ੁਰੂ ਹੋਣ ਵਾਲੇ ਆਰਮੀ ਰਿਜ਼ਰਵ ਦੇ ਅਗਲੇ ਸੈਸ਼ਨ ਲਈ ਬਟਾਲੀਅਨ ਕਮਾਂਡ ਵਾਸਤੇ ਚੁਣਿਆ ਗਿਆ ਹੈ।

ਆਪਣੇ ਸਾਥੀਆਂ ਵਿੱਚ "ਟੀ ਜੇ"ਦੇ ਨਾਮ ਨਾਲ ਜਾਣੇ ਜਾਂਦੇ ਰਤਨ ਦਾ ਕਹਿਣਾ ਹੈ ਕਿ, "ਫੌਜ ਵਿੱਚ ਨਿਰਸਵਾਰਥ ਸੇਵਾ ਦੀਆਂ ਕਦਰਾਂ-ਕੀਮਤਾਂ ਤੋਂ ਪ੍ਰੇਰਿਤ ਹੋ ਕੇ, ਅਮਰੀਕਾ ਦੇ ਸਭ ਤੋਂ ਨਵੇਂ ਸ਼ਹਿਰ ਵਜੋਂ ਮਾਨਤਾ ਪ੍ਰਾਪਤ ਮਾਊਨਟੇਨ ਹਾਊਸ ਦੀ ਸੁਰੱਖਿਆ ਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣਾ ਅਤੇ ਭਾਈਚਾਰੇ ਨੂੰ ਵਿਕਸਤ ਕਰਨਾ ਮੇਰਾ ਮੁੱਖ ਮਕਸਦ ਹੈ। ਸਿਟੀ ਕੌਂਸਲ ਲਈ ਚੋਣ ਲੜਨ ਦਾ ਮੇਰਾ ਫੈਸਲਾ ਜਨਤਕ ਸੇਵਾ ਅਤੇ ਭਾਈਚਾਰਕ ਭਲਾਈ ਲਈ ਮੇਰੇ ਸਮਰਪਣ ਦਾ ਪ੍ਰਮਾਣ ਹੈ। ਯੂ.ਐਸ. ਆਰਮਡ ਫੋਰਸਿਜ਼ ਵਿੱਚ ਮੇਰੀ ਭੂਮਿਕਾ ਅਤੇ ਵਿਲੱਖਣ ਤਜ਼ਰਬਾ, ਮੈਨੂੰ ਸਿਟੀ ਕੌਂਸਲ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਯੋਗਦਾਨ ਪਾਉਣ ਵਿੱਚ ਸਹਾਈ ਹੋਵੇਗਾ।

# ਕੈਨੇਡਾ ਵਿਚ ਵੱਸਦੇ ਸਿੱਖਾਂ ਨੇ ਹੈਲਮੇਟ ਤੋਂ ਛੋਟ ਦੀ ਕੀਤੀ ਅਪੀਲ



ਕੈਨੇਡੀਅਨ ਸਿੱਖਾਂ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਹੈਲਮੇਟ ਤੋਂ ਛੋਟ ਦੇਣ ਦੀ ਬੇਨਤੀ ਕੀਤੀ ਹੈ। ਸਿੱਖ ਸਦਭਾਵਨਾ ਦਲ ਦੇ ਮੁਖੀ ਬਲਦੇਵ ਸਿੰਘ ਵਡਾਲਾ ਨੇ ਕਿਹਾ, "ਅਸੀਂ ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਲਿਖਿਆ ਹੈ ਕਿ ਵੱਡੀ ਗਿਣਤੀ ਵਿਚ ਸਿੱਖ ਆਬਾਦੀ ਦੇਸ਼ ਦੀਆਂ ਬੰਦਰਗਾਹਾਂ, ਇੰਜੀਨੀਅਰਿੰਗ ਅਤੇ ਉਸਾਰੀ ਵਾਲੀਆਂ ਥਾਵਾਂ 'ਤੇ ਕੰਮ ਕਰਦੀ ਹੈ, ਜਿਥੇ ਸੁਰੱਖਿਆ ਕਾਨੂੰਨ ਉਨ੍ਹਾਂ ਨੂੰ ਲੋਹ ਟੋਪ ਜਾਂ ਹੈਲਮੇਟ ਪਹਿਨਣ ਲਈ ਮਜਬੂਰ ਕਰਦੇ ਹਨ, ਹਾਲਾਂਕਿ ਨਿਯਮ ਉਨ੍ਹਾਂ ਦੇ ਦਸਤਾਰ ਪਹਿਨਣ ਦੇ ਧਾਰਮਿਕ ਅਧਿਕਾਰਾਂ ਦੇ ਵਿਰੁਧ ਹੈ"।

ਉਨ੍ਹਾਂ ਦਾਅਵਾ ਕੀਤਾ ਹੈ ਕਿ ਕੈਨੇਡਾ ਵਿਚ ਹੈਲਮੇਟ ਨਿਯਮ ਸਿੱਖ ਕਾਮਿਆਂ ਨੂੰ ਅਪਣੇ ਧਰਮ ਅਤੇ ਨੌਕਰੀ ਵਿਚੋਂ ਕਿਸੇ ਇਕ ਦੀ ਚੋਣ ਕਰਨ ਲਈ ਮਜਬੂਰ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਅਤੇ ਧਾਰਮਿਕ ਆਜ਼ਾਦੀ ਵਿਚ ਅੰਤਰ ਪੈਦਾ ਹੁੰਦਾ ਹੈ।

ਜਦੋਂ ਭਾਰਤੀ ਫੌਜ ਨੇ ਅਪਣੇ ਸਿੱਖ ਸੈਨਿਕਾਂ ਨੂੰ ਹੈਲਮੇਟ ਪਹਿਨਣਾ ਲਾਜ਼ਮੀ ਕੀਤਾ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਈ ਹੋਰ ਸਿੱਖ ਸੰਸਥਾਵਾਂ ਨਾਲ ਇਸ ਦਾ ਵਿਰੋਧ ਕੀਤਾ ਸੀ, ਤਾਂ ਫ਼ੌਜ ਨੇ ਦਲੀਲ ਦਿਤੀ ਸੀ ਕਿ ਨਵੇਂ ਹਾਈਟੈਕ ਹੈਲਮੇਟ ਸੈਨਿਕਾਂ ਦੇ ਹਥਿਆਰਾਂ ਦਾ ਹਿੱਸਾ ਹਨ।

ਵਡਾਲਾ ਨੇ ਕਿਹਾ ਕਿ ਕਈ ਥਾਵਾਂ 'ਤੇ ਸਿੱਖਾਂ ਨੂੰ ਅਪਣੀ ਪੱਗ ਉੱਪਰੋਂ ਹੈਲਮੇਟ ਪਹਿਨਣਾ ਪੈਂਦਾ ਹੈ ਪਰ ਇਸ ਵਿਰੁਧ ਕਾਨੂੰਨੀ ਚੁਣੌਤੀ ਅਦਾਲਤ 'ਚ ਖਾਰਜ ਕਰ ਦਿਤੀ ਗਈ। ਕੁੱਝ ਸਿਖ ਸੰਸਥਾਵਾਂ ਨੇ ਹੈਲਮੇਟ ਨਿਯਮ ਦੀ ਵੀ ਸ਼ਲਾਘਾ ਕੀਤੀ, ਜੋ ਇਸ ਕੇਸ ਲਈ ਮੰਦਭਾਗਾ ਅਤੇ ਘਾਤਕ ਸਾਬਤ ਹੋਇਆ। ਇਸ ਲਈ ਹੁਣ ਟਰੂਡੋ ਨੂੰ ਸਿੱਖ ਭਾਵਨਾਵਾਂ 'ਤੇ ਵਿਚਾਰ ਕਰਨ ਦੀ ਅਪੀਲ ਕੀਤੀ ਗਈ ਹੈ।



# ਬਰਤਾਨੀਆ ਦੇ ਕਿੰਗ ਚਾਰਲਸ ਤੀਜੇ ਨੂੰ ਕੈਂਸਰ



ਲੰਡਨ: ਕਿੰਗ ਚਾਰਲਸ III ਨੂੰ ਕੈਂਸਰ ਹੋਣ ਦੀ ਪੁਸ਼ਟੀ ਹੋਈ ਹੈ। ਲੰਡਨ ‘ਚ ਬਰਤਾਨੀਆ ਦੇ ਸ਼ਾਹੀ ਪਰਿਵਾਰ ਦੀ ਸਰਕਾਰੀ ਰਿਹਾਇਸ਼ ਬਕਿੰਘਮ ਪੈਲੇਸ ਨੇ ਬੀਤੇ ਦਿਨ ਬਿਆਨ ‘ਚ ਕਿਹਾ ਕਿ ਗਦੂਦਾਂ ਦੀ ਹਾਲ ਹੀ ‘ਚ ਕੀਤੀ ਗਈ ਜਾਂਚ ਦੌਰਾਨ ਚਾਰਲਸ ਨੂੰ ਕੈਂਸਰ ਹੋਣ ਦਾ ਪਤਾ ਲੱਗਿਆ। ਇਹ ਨਹੀਂ ਦੱਸਿਆ ਕਿ 75 ਸਾਲਾ ਚਾਰਲਸ ਕਿਸ ਕਿਸਮ ਦੇ ਕੈਂਸਰ ਤੋਂ ਪੀੜਤ ਹਨ ਪਰ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦਾ ਇਲਾਜ ਸ਼ੁਰੂ ਹੋ ਗਿਆ ਹੈ ਅਤੇ ਉਹ ਪੂਰੀ ਤਰ੍ਹਾਂ ਹੌਸਲੇ ’ਚ ਹਨ।

# ਬੀ ਸੀ ਵਿਚ ਜੰਗਲੀ ਅੱਗਾਂ ਘਟਾਉਣ ਸਬੰਧੀ ਵਰਕਰਾਂ ਨੂੰ ਸਿਖਲਾਈ ਦੇਣ ਲਈ ਨਵਾਂ ਪਾਇਲਟ ਪ੍ਰੋਜੈਕਟ ਸ਼ੁਰੂ

ਵਿਕਟੋਰੀਆ: ਬ੍ਰਿਟਿਸ਼ ਕੋਲੰਬੀਆ ਦੇ ‘ਸਿਲਵੀਕਲਚਰ’ (ਜੰਗਲਾਂ ਦੀ ਸਾਭ ਸੰਭਾਲ ਕਰਨ ਵਾਲਾ ਸਟਾਫ਼) ਜਿਨ੍ਹਾਂ ਵਿੱਚ ਜੰਗਲਾਤ ਦੇ ਕਰਮਚਾਰੀ, ਦਰੱਖਤ ਲਗਾਉਣ ਵਾਲੇ ਅਤੇ ਨਰਸਰੀਆਂ ਦੇ ਸਟਾਫ ਸ਼ਾਮਲ ਹਨ, ਨੂੰ ਨਵੀਂ ਸਿਖਲਾਈ ਲਈ ਇੱਕ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਜਾਵੇਗਾ। ਜਿਸ ਨਾਲ ਉਹਨਾਂ ਨੂੰ ਜੰਗਲੀ ਅੱਗਾਂ ਨੂੰ ਰੋਕਣ ਅਤੇ ਉਹਨਾਂ ਨੂੰ ਘੱਟ ਕਰਨ ਲਈ ਬਿਹਤਰ ਢੰਗ ਨਾਲ ਤਿਆਰ ਕਰਵਾਈ ਜਾਵੇਗੀ।

ਰੁਜ਼ਗਾਰ, ਕਾਰਜਬਲ ਵਿਕਾਸ ਅਤੇ ਸ਼ਾਸਕੀ ਭਾਸ਼ਾਵਾਂ ਲਈ ਮੰਤਰੀ, ਰੈਂਡੀ ਬੌਇਜ਼ਨੱਲਟ ਨੇ ਕਿਹਾ ਕਿ ”ਜਲਵਾਯੂ ਤਬਦੀਲੀ ਇੱਕ ਸੱਚਾਈ ਹੈ, ਅਤੇ ਹਰ ਕੈਨੇਡਾ ਵਾਸੀ ਨੇ ਪਿਛਲੀਆਂ ਗਰਮੀਆਂ ਵਿੱਚ ਦੇਸ਼ ਭਰ ਵਿੱਚ ਆਈਆਂ ਹੀਟਵੇਵਜ਼ ਅਤੇ ਜੰਗਲੀ ਅੱਗਾਂ ਦੇ ਨਾਲ ਇਸ ਦੇ ਬੁਰੇ ਪ੍ਰਭਾਵ ਲੋਕਾਂ ‘ਤੇ ਪਏ ਹਨ। ਇਸੇ ਕਰਕੇ ਕੈਨੇਡਾ ਸਰਕਾਰ ਸਾਂਝੇਦਾਰੀ ਵਿੱਚ ਕੰਮ ਕਰ ਰਹੀ ਹੈ। ਇਹ ਨਿਵੇਸ਼ ਕੈਨੇਡਾ ਵਾਸੀਆਂ ਦੀ ਸੁਰੱਖਿਆ ਅਤੇ ਸਾਡੇ ਜੰਗਲਾਤ ਖੇਤਰ ਦੇ ਭਵਿੱਖ ਲਈ ਮਹੱਤਵਪੂਰਨ ਹੈ।” ਜ਼ਿਕਰਯੋਗ ਹੈ ਕਿ ਵੈਸਟਰਨ ਫ਼ੌਰੈਸਟਰੀ ਕੰਟਰੈਕਟਰਜ਼ ਐਸੋਸੀਏਸ਼ਨ ਨਾਲ ਸਾਂਝੇਦਾਰੀ ਵਿੱਚ, ਦੋ ਸਾਲਾਂ ਦਾ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਜਾ ਰਿਹਾ ਹੈ ਜਿਸ ਤਹਿਤ ਸੂਬੇ ਭਰ ਵਿੱਚ ਕਾਮਿਆਂ ਨੂੰ ਜੋਖਮਾਂ, ਉਹਨਾਂ ਜੋਖਮਾਂ ਨੂੰ ਘਟਾਉਟ, ਅਤੇ ਬੀ.ਸੀ. ਦੇ ਜੰਗਲਾਂ ਵਿੱਚ ਅੱਗ ਸੰਬੰਧੀ ਸੁਰੱਖਿਆ ਬਾਰੇ ਸਭ ਤੋਂ ਵਧੀਆ ਅਭਿਆਸ ਅਤੇ ਹੁਨਰਾਂ ਨੂੰ ਸਮਝਣ ਲਈ ਸਿਖਲਾਈ ਦਿੱਤੀ ਜਾਵੇਗੀ ।

ਪੋਸਟ-ਸੈਕੰਡਰੀ ਸਿੱਖਿਆ ਅਤੇ ਹੁਨਰ ਮੰਤਰੀ, ਸਲੀਨਾ ਰੌਬਿਨਸਨ ਨੇ ਕਿਹਾ ਕਿ ਬੀ.ਸੀ. ਦੇ ਜੰਗਲਾਂ ਵਿੱਚ ਮਹੱਤਵਪੂਰਨ ਕੰਮ ਕਰਨ ਲਈ ਲੋੜ ਹੈ, ਇਹ ਸਿਖਲਾਈ ਇਹਨਾਂ ਕਾਮਿਆਂ ਨੂੰ ਸੁਰੱਖਿਅਤ ਰੱਖਣ ਅਤੇ ਸੂਬੇ ਭਰ ਵਿੱਚ ਜੰਗਲੀ ਅੱਗਾਂ ਨੂੰ ਘਟਾਉਣ ਅਤੇ ਰੋਕਣ ਵਿੱਚ ਮਦਦ ਮਿਲੇਗੀ।

ਕੈਨੇਡਾ-ਬ੍ਰਿਟਿਸ਼ ਕੋਲੰਬੀਆ ਵਰਕਫੋਰਸ ਡਿਵੈਲਪਮੈਂਟ ਐਗਰੀਮੈਂਟ ਤੋਂ ਫੌਡਿੰਗ ਵਿੱਚ $900,000 ਦੁਆਰਾ ਅੱਗ ਦੀ ਰੋਕਥਾਮ, ਜਲਵਾਯੂ ਤਬਦੀਲੀ ਬਾਰੇ ਜਾਗਰੂਕਤਾ, ਅਤੇ ਜੰਗਲਾਤ ਅੰਜ਼ਾਰਾਂ ਦੇ ਨਾਲ ਸਿੱਧੀ ਵਿਵਹਾਰਕ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ।ਸਿਲਵੀਕਲਚਰ ਲੇਬਰ ਫੋਰਸ ਕਾਰਜਨੀਤੀ ਇਹ ਯਕੀਨੀ ਬਣਾਏਗੀ ਕਿ ਬੀ.ਸੀ. ਦਾ ਸਿਲਵੀਕਲਚਰ ਸੈਕਟਰ ਸਾਡੇ ਜੰਗਲਾਂ ਦੀ ਸਾਂਭ-ਸੰਭਾਲ ਕਰਨ ਅਤੇ ਸਾਡੇ ਕੁਦਤਰੀ ਖੇਤਰਾਂ ਵਿੱਚ ਜਲਵਾਯੂ ਤਬਦੀਲੀਆਂ ਨੂੰ ਘੱਟ ਕਰਨ ਲਈ ਸਿਖਲਾਈ ਪ੍ਰਦਾਨ ਕਰੇਗੀ। ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਸਿਖਲਾਈ ਅਤੇ ਰੁਜ਼ਗਾਰ ਸਹਾਇਤਾ ਲਈ $450 ਮਿਲੀਅਨ ਤੋਂ ਵੱਧ ਪ੍ਰਦਾਨ ਕਰੇਗੀ, ਜਿਸ ਨਾਲ ਲਗਭਗ 70,000 ਬ੍ਰਿਟਿਸ਼ ਕੋਲੰਬੀਆ ਨਿਵਾਸਿਆਂ ਦੀ ਮਦਦ ਕੀਤੀ ਜਾ ਸਕੇਗੀ।

# ਬਾਈਡੇਨ ਅਤੇ ਮਸਕ ਨੂੰ ਮਾਰਨ ਦੀ ਧਮਕੀ ਦੇਣ ਵਾਲਾ ਟੇਸਲਾ ਦਾ ਕਰਮਚਾਰੀ ਗ੍ਰਿਫ਼ਤਾਰ



ਸਾਨ ਫ੍ਰਾਂਸਿਸਕੋ: ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਤਕਨੀਕੀ ਅਰਬਪਤੀ ਐਲਨ ਮਸਕ ਨੂੰ ਮਾਰਨ ਦੀ ਧਮਕੀ ਦੇਣ ਵਾਲੇ ਟੇਸਲਾ ਦੇ ਇੱਕ ਕਰਮਚਾਰੀ ਨੂੰ ਟੈਕਸਾਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਅਦਾਲਤ ਦੇ ਦਸਤਾਵੇਜ਼ਾਂ ਮੁਤਾਬਕ 31 ਸਾਲਾ ਜਸਟਿਨ ਮੈਕਕੌਲੀ ਨੇ ਇਹ ਧਮਕੀ ਬੀਤੇ ਦਿਨੀਂ ਐਕਸ ਪੋਸਟ ਵਿਚ ਦਿੱਤੀ, ਜਿਸ ਵਿਚ ਲਿਖਿਆ ਗਿਆ ਸੀ, ‘ ਬਾਈਡੇਨ, ਮਸਕ, ਮੈਂ ਤੁਹਾਨੂੰ ਸਾਰਿਆਂ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਹਾਂ।‘’ ਮੈਕਕੌਲੀ ਨੇ ਇਕ ਹੋਰ ਪੋਸਟ ਵਿਚ ਲਿਖਿਆ,’’ਮੈਂ ਟੈਕਸਾਸ ਪਹੁੰਚਾਂਗਾ, ਜਿੱਥੇ ਕਈ ਮੋਰਚਿਆਂ ‘ਤੇ ਜੰਗ ਸ਼ੁਰੂ ਹੋ ਚੁੱਕੀ ਹੈ।‘

ਦੋਸ਼ਾਂ ਅਨੁਸਾਰ ਮੈਕਕੌਲੀ ਦੀ ਪਤਨੀ ਨੇ ਰੋਜਰਜ਼ ਪੁਲਸ ਨਾਲ ਸੰਪਰਕ ਕੀਤਾ ਜਦੋਂ ਉਸਨੇ ਉਸਨੂੰ ਦੱਸਿਆ ਕਿ ਉਹ ਟੈਕਸਾਸ ਜਾ ਰਿਹਾ ਹੈ ਅਤੇ ਕਦੇ ਵਾਪਸ ਨਹੀਂ ਆਵੇਗਾ। ਉਸਨੇ ਪੁਲਸ ਨੂੰ ਇਹ ਵੀ ਦੱਸਿਆ ਕਿ ਮੈਕਕੌਲੀ ਨੇ ਆਪਣਾ ਫ਼ੋਨ ਘਰ ਛੱਡ ਦਿੱਤਾ ਸੀ, ਜਿਸ ਨਾਲ ਉਸਨੂੰ ਲੱਭਣਾ ਅਸੰਭਵ ਹੋ ਗਿਆ ਸੀ। ਦੋਸ਼ਾਂ ਅਨੁਸਾਰ ਮੈਕਕੌਲੀ ਨੂੰ 26 ਜਨਵਰੀ ਨੂੰ ਓਕਲਾਹੋਮਾ ਵਿੱਚ ਪੁਲਸ ਨੇ ਰਾਜ ਵਿੱਚ ਯਾਤਰਾ ਕਰਦੇ ਸਮੇਂ ਰੋਕਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਕਿ ਮੈਕਕੌਲੀ ਨੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਰਾਸ਼ਟਰਪਤੀ ਨਾਲ ਗੱਲ ਕਰਨਾ ਚਾਹੁੰਦਾ ਹੈ। ਜਦੋਂ ਉਸ ਨੂੰ ਕਾਰਨ ਪੁੱਛਿਆ ਗਿਆ ਤਾਂ ਉਸਨੇ ਕਥਿਤ ਤੌਰ ‘ਤੇ ਜਵਾਬ ਦਿੱਤਾ, ‘ਜੇਕਰ ਤੁਹਾਨੂੰ ਪਤਾ ਹੁੰਦਾ ਕਿ ਤੁਸੀਂ ਕੱਲ੍ਹ ਮਰਨ ਜਾ ਰਹੇ ਹੋ ਤਾਂ ਕੀ ਤੁਸੀਂ ਰਾਸ਼ਟਰਪਤੀ ਨਾਲ ਗੱਲ ਨਹੀਂ ਕਰਨਾ ਚਾਹੋਗੇ?’

ਅਗਲੀ ਸਵੇਰ ਅਧਿਕਾਰੀਆਂ ਨੂੰ ਔਸਟਿਨ ਵਿੱਚ ਟੇਸਲਾ ਗੀਗਾਫੈਕਟਰੀ ਵਿੱਚ ਇੱਕ ਧਮਕੀ ਭਰੀ ਕਾਲ ਬਾਰੇ ਸੂਚਿਤ ਕੀਤਾ ਗਿਆ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਕਾਲ 31 ਸਾਲਾ ਕਰਮਚਾਰੀ ਨੇ ਕੀਤੀ ਸੀ ਜਾਂ ਨਹੀਂ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਔਸਟਿਨ ਵਿੱਚ ਮੈਕਕੌਲੀ ਨੂੰ ਰੋਕ ਦਿੱਤਾ। ਉਸਨੇ ਕਥਿਤ ਤੌਰ ‘ਤੇ ਅਧਿਕਾਰੀਆਂ ਨੂੰ ਦੱਸਿਆ ਕਿ ਉਸਨੇ ਮਸਕ ਨਾਲ ਗੱਲ ਕਰਨ ਲਈ ਟੇਸਲਾ ਗੀਗਾਫੈਕਟਰੀ ਦਾ ਦੌਰਾ ਕਰਨ ਦੀ ਯੋਜਨਾ ਬਣਾਈ ਹੈ। ਇਸ ਤੋਂ ਬਾਅਦ ਮੈਕਕੌਲੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਇਸ ਦੌਰਾਨ ਮਸਕ ਨੇ ਘੋਸ਼ਣਾ ਕੀਤੀ ਹੈ ਕਿ ਟੇਸਲਾ ਆਪਣੇ ਦਫਤਰ ਨੂੰ ਡੇਲਾਵੇਅਰ ਤੋਂ ਟੈਕਸਾਸ ਤੱਕ ਲਿਜਾਣ ਲਈ ਸ਼ੇਅਰਹੋਲਡਰ ਵੋਟ ਕਰਵਾਉਣ ਲਈ ਤੁਰੰਤ ਕਦਮ ਚੁੱਕੇਗੀ। ਇਹ ਬਿਆਨ ਡੇਲਾਵੇਅਰ ਵਿੱਚ ਇੱਕ ਜੱਜ ਦੇ ਫ਼ੈਸਲੇ ਤੋਂ ਬਾਅਦ ਆਇਆ ਹੈ ਕਿ ਮਸਕ ਦਾ 56 ਬਿਲੀਅਨ ਡਾਲਰ ਤਨਖਾਹ ਪੈਕੇਜ ਅਨੁਚਿਤ ਹੈ ਅਤੇ ਟੇਸਲਾ ਬੋਰਡ ਨੂੰ ਇੱਕ ਨਵੇਂ ਤਨਖਾਹ ਪ੍ਰਸਤਾਵ ਨਾਲ ਆਉਣ ਦੀ ਜ਼ਰੂਰਤ ਹੋਵੇਗੀ।

# ਭਤੀਜੇ ਦੇ ਕੈਨੇਡਾ ਦੀ ਜੇਲ੍ਹ ’ਚ ਬੰਦ ਹੋਣ ਦਾ ਡਰ ਦੇ ਕੇ 75 ਲੱਖ ਰੁਪਏ ਠੱਗੇ

ਚੰਡੀਗੜ੍ਹ:ਇੱਥੋਂ ਦੇ ਸੈਕਟਰ-46 ਵਿੱਚ ਰਹਿਣ ਵਾਲੇ ਵਿਅਕਤੀ ਨੂੰ ਕਿਸੇ ਨੇ ਫੋਨ ’ਤੇ ਵਰਗਲਾ ਕੇ 75 ਲੱਖ ਰੁਪਏ ਦੀ ਧੋਖਾਧੜੀ ਕੀਤੀ ਹੈ। ਇਸ ਬਾਰੇ ਜਾਣਕਾਰੀ ਮਿਲਦਿਆਂ ਹੀ ਥਾਣਾ ਸਾਈਬਰ ਕ੍ਰਾਈਮ ਦੀ ਪੁਲੀਸ ਨੇ ਅਣਪਛਾਤੇ ਵਿਅਕਤੀ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਕੇਸ ਸੈਕਟਰ-46 ਵਿੱਚ ਰਹਿਣ ਵਾਲੇ ਭਾਗ ਸਿੰਘ ਤੇ ਉਸ ਦੀ ਪਤਨੀ ਦੀ ਸ਼ਿਕਾਇਤ ’ਤੇ ਦਰਜ ਕੀਤਾ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਉਸ ਨੂੰ ਵਿਦੇਸ਼ ਦੇ ਨੰਬਰ ਤੋਂ ਫੋਨ ਆਇਆ।

ਫੋਨ ’ਤੇ ਇਕ ਵਿਅਕਤੀ ਨੇ ਕਿਹਾ ਕਿ ਉਨ੍ਹਾਂ ਦਾ ਭਤੀਜਾ ਕੈਨੇਡਾ ਜੇਲ੍ਹ ਵਿੱਚ ਬੰਦ ਹੈ, ਜਿਸ ਨੂੰ ਛੁਡਵਾਉਣ ਲਈ 75 ਲੱਖ ਰੁਪਏ ਦੀ ਜ਼ਰੂਰਤ ਹੈ। ਉਨ੍ਹਾਂ ਨੇ ਤੁਰੰਤ ਉਸ ਵਿਅਕਤੀ ਨੂੰ 75 ਲੱਖ ਰੁਪਏ ਭੇਜ ਦਿੱਤੇ, ਪਰ ਬਾਅਦ ਵਿੱਚ ਪਤਾ ਲੱਗਾ ਕਿ ਕਿਸੇ ਵੱਲੋਂ ਉਨ੍ਹਾਂ ਨਾਲ ਧੋਖਾਧੜੀ ਕੀਤੀ ਗਈ ਹੈ। ਥਾਣਾ ਸਾਈਬਰ ਕ੍ਰਾਈਮ ਦੀ ਪੁਲੀਸ ਨੇ ਉਸ ਦੀ ਸ਼ਿਕਾਇਤ ’ਤੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ



ਇਸ ਹਫਤੇ ਦੇ ਪ੍ਰੋਗਰਾਮ

ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਹਾੜਾ ਭਾਈ ਮਰਦਾਨਾ ਜੀ ਅਤੇ ਵੱਡਾ ਘੱਲੂਘਾਰਾ ਦਿਵਸ, ਜਨਮ ਦਿਹਾੜਾ ਸਾਹਿਬਜਾਦਾ ਅਜੀਤ ਸਿੰਘ ਦਾ ਮਨਾਇਆ ਜਾਵੇਗਾ ਅਤੇ ਸਹਿਜਪਾਠ ਦੇ ਭੋਗ 11 ਫਰਵਰੀ ਦਿਨ ਐਤਵਾਰ ਨੂੰ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*10 ਫਰਵਰੀ ਦਿਨ ਸ਼ਨਿਚਰਵਾਰ ਸਵ. ਭਾਈ ਹਰਜੀਤ ਸਿੰਘ ਲਾਲੀ ਦਾ ਅੰਤਮ ਸਸਕਾਰ ਦੁਪਹਿਰ 2 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ ਸ਼ਾਮ 3.30 ਵਜੇ ਹੋਵੇਗੀ।

*13 ਫਰਵਰੀ ਦਿਨ ਮੰਗਲਵਾਰ ਸਵ. ਭਾਈ ਬਿਕਰਮਜੀਤ ਦਾ ਅੰਤਮ ਸਸਕਾਰ ਸਵੇਰੇ 10 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ ਸਵੇਰੇ 11.30 ਵਜੇ ਹੋਵੇਗੀ।

*15 ਫਰਵਰੀ ਦਿਨ ਵੀਰਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਰਾਜਦੀਪ ਸਿੰਘ ਚੰਦੀ ਪਰਿਵਾਰ ਵੱਲੋਂ ਆਪਣੀ ਬੇਟੀ ਰੌਣਕ ਕੌਰ ਚੰਦੀ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫ਼ਾਜ਼ਿਲਕਾ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

# ਚੰਡੀਗੜ੍ਹ ਮੇਅਰ ਚੋਣਾਂ ਦੀ ਧਾਂਦਲੀ ਦੀ ਨਵੀਂ ਤੇ ਸਾਫ ਵੀਡੀਓ ਆਈ ਸਾਹਮਣੇ



ਚੰਡੀਗੜ੍ਹ”ਮੇਅਰ ਚੋਣਾਂ ’ਚ ਹੋਈ ਧਾਂਦਲੀ ਖਿਲਾਫ ਆਮ ਆਦਮੀ ਪਾਰਟੀ (ਆਪ) ਚੰਡੀਗੜ੍ਹ ’ਚ ਲਗਾਤਾਰ ਪ੍ਰਦਰਸ਼ਨ ਕਰ ਰਹੀ ਹੈ। ਪਾਰਟੀ ਆਗੂਆਂ ਦੀ ਭੁੱਖ ਹੜਤਾਲ ਤੀਜੇ ਦਿਨ (ਮੰਗਲਵਾਰ) ਵੀ ਜਾਰੀ ਰਹੀ। ਭੁੱਖ ਹੜਤਾਲ ਵਿੱਚ ਪਾਰਟੀ ਦੇ ਇੱਕ ਕੌਂਸਲਰ ਤੇ ਚਾਰ ਵਰਕਰ 24 ਘੰਟੇ ਭੁੱਖ ਹੜਤਾਲ ’ਤੇ ਬੈਠਦੇ ਹਨ। ਪਾਰਟੀ ਦੇ ਚੰਡੀਗੜ੍ਹ ਦੇ ਸਹਿ-ਇੰਚਾਰਜ ਡਾ. ਸੰਨੀ ਆਹਲੂਵਾਲੀਆ ਨੇ ਮੇਅਰ ਚੋਣਾਂ ਦੌਰਾਨ ਮੀਡੀਆ ਨੂੰ ਅੰਦਰ ਦੀ ਵੀਡੀਓ ਦਿਖਾਉਂਦੇ ਹੋਏ ਕਿਹਾ ਕਿ ਇਸ ਵੀਡੀਓ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਵੋਟ ਚੋਰ ਪਾਰਟੀ ਹੈ। ਉਹ ਵੋਟਾਂ ਚੋਰੀ ਕਰਕੇ ਅਤੇ ਧਾਂਦਲੀ ਅਤੇ ਗੁੰਡਾਗਰਦੀ ਕਰਕੇ ਚੋਣਾਂ ਜਿੱਤਦੀ ਹੈ। ਉਨ੍ਹਾ ਕਿਹਾ ਕਿ ਅਨਿਲ ਮਸੀਹ ਨੇ ਤਾਂ ਸਿਰਫ ਕੰਮ ਪੂਰਾ ਕੀਤਾ ਹੈ। ਇਸ ਕੰਮ ਦਾ ਅਸਲ ਸਾਜ਼ਿਸ਼ਕਾਰ ਕੋਈ ਹੋਰ ਹੈ, ਉਸ ’ਤੇ ਵੀ ਕਾਰਵਾਈ ਹੋਣੀ ਚਾਹੀਦੀ ਹੈ। ਅਨਿਲ ਮਸੀਹ ਦੇ ਪ੍ਰਗਟਾਵੇ ਤੋਂ ਸਪੱਸ਼ਟ ਹੈ ਕਿ ਉਸ ਨੂੰ ਇਹ ਕੰਮ ਕਰਨ ਲਈ ਉਪਰੋਂ ਹੁਕਮ ਮਿਲੇ ਸਨ।

ਆਹਲੂਵਾਲੀਆ ਵੱਲੋਂ ਮੀਡੀਆ ਨੂੰ ਦਿਖਾਈ ਗਈ ਵੀਡੀਓ ਵਿੱਚ ਅਨਿਲ ਮਸੀਹ ਕੈਮਰੇ ਦੇ ਸਾਹਮਣੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਬੈਲਟ ਪੇਪਰਾਂ ਨਾਲ ਛੇੜਛਾੜ ਕਰਦੇ ਨਜ਼ਰ ਆਏ। ਉਹ ਵੀ ਸਮੇਂ-ਸਮੇਂ ’ਤੇ ਸ਼ੱਕ ਦੀ ਹਾਲਤ ’ਚ ਕੈਮਰੇ ਵੱਲ ਦੇਖ ਰਹੇ ਸਨ। ਇਸ ਦੇ ਨਾਲ ਹੀ ਭਾਜਪਾ ਦੇ ਕਈ ਨਾਮਜ਼ਦ ਕੌਂਸਲਰ ਉਥੇ ਮੌਜੂਦ ਵੱਖ-ਵੱਖ ਮੀਡੀਆ ਚੈਨਲਾਂ ਦੇ ਕੈਮਰਾਮੈਨਾਂ ਨੂੰ ਹਟਾ ਕੇ ਅੰਦਰ ਆਉਣ ਤੋਂ ਰੋਕ ਰਹੇ ਸਨ।

ਉਹਨਾ ਦੱਸਿਆ ਕਿ ਇਸ ਵਾਰ ਉਨ੍ਹਾਂ ਦੀ ਚੋਰੀ ਫੜੀ ਗਈ ਹੈ। ਹੁਣ ਉਹ ਬਚ ਨਹੀਂ ਸਕਦੇ। ਸੁਪਰੀਮ ਕੋਰਟ ਨੇ ਵੀ ਮੰਨਿਆ ਹੈ ਕਿ ਭਾਜਪਾ ਨੇ ਮੇਅਰ ਚੋਣਾਂ ਵਿੱਚ ਲੋਕਤੰਤਰ ਦਾ ਕਤਲ ਕੀਤਾ ਹੈ।

ਹੁਣ ਸੁਪਰੀਮ ਕੋਰਟ ਉਸ ਦੀ ਗੁੰਡਾਗਰਦੀ ’ਤੇ ਹਮਲਾ ਕਰੇਗੀ। ਉਨ੍ਹਾ ਕਿਹਾ ਕਿ ਇਸ ਵਾਰ ਅਸੀਂ ਭਾਜਪਾ ਨੂੰ ਸਬਕ ਸਿਖਾਵਾਂਗੇ। ਆਮ ਆਦਮੀ ਪਾਰਟੀ ਅੰਦੋਲਨ ਵਿੱਚੋਂ ਪੈਦਾ ਹੋਈ ਪਾਰਟੀ ਹੈ, ਅਸੀਂ ਧੱਕੇਸਾਹੀ ਬਰਦਾਸਤ ਨਹੀਂ ਕਰਾਂਗੇ। ਹੁਣ ਅਸੀਂ ਫੈਸਲਾ ਕੀਤਾ ਹੈ ਕਿ ਅਸੀਂ ਆਪਣੀ ਭੁੱਖ ਹੜਤਾਲ ਅਤੇ ਧਰਨਾ ਉਦੋਂ ਤੱਕ ਜਾਰੀ ਰੱਖਾਂਗੇ, ਜਦੋਂ ਤੱਕ ਭਾਜਪਾ ਵੱਲੋਂ ਧਾਂਦਲੀ ਕਰਕੇ ਬਣਾਏ ਚੰਡੀਗੜ੍ਹ ਦੇ ਨਵੇਂ ਮੇਅਰ ਨੂੰ ਹਟਾਇਆ ਨਹੀਂ ਜਾਂਦਾ।




ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

# ਭਾਰਤੀ ਮੂਲ ਦੇ ਵਿਅਕਤੀ ’ਤੇ ਕੈਨੇਡਾ ਵਿਚ ਮੰਦਰਾਂ ਦੀਆਂ ਗੋਲਕਾਂ ’ਚੋਂ ਚੋਰੀ ਕਰਨ ਦੇ ਦੋਸ਼



41 ਸਾਲਾ ਭਾਰਤੀ ਮੂਲ ਦੇ ਕੈਨੇਡੀਅਨ ਵਿਅਕਤੀ ’ਤੇ ਮੰਦਰਾਂ ਵਿਚ ਤੋੜ-ਭੰਨ ਕਰਨ ਅਤੇ ਦਾਨ ਬਾਕਸਿਆਂ ਵਿਚੋਂ ਚੋਰੀ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਮੁਲਜ਼ਮ ਦੀ ਪਛਾਣ ਬਰੈਂਪਟਨ ਸ਼ਹਿਰ ਦੇ ਰਹਿਣ ਵਾਲੇ ਜਗਦੀਸ਼ ਪੰਧੇਰ ਵਜੋਂ ਹੋਈ ਹੈ। ਪੁਲੀਸ ਅਨੁਸਾਰ ਮਾਰਚ ਅਤੇ ਅਗਸਤ 2023 ਦਰਮਿਆਨ ਬਰੈਂਪਟਨ, ਮਿਸੀਸਾਗਾ ਅਤੇ ਕੈਲੇਡਨ ਵਾਲੇ ਪੀਲ ਖੇਤਰ ਵਿੱਚ ਕਈ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ।

ਤਿੰਨ ਪੂਜਾ ਸਥਾਨਾਂ ਦੀ ਨਿਗਰਾਨੀ ਫੁਟੇਜ ਵਿੱਚ ਮਸ਼ਕੂਕ ਵਿਅਕਤੀ ਨੂੰ ਮੰਦਰਾਂ ਵਿੱਚ ਦਾਖਲ ਹੁੰਦੇ ਅਤੇ ਦਾਨ ਬਾਕਸਿਆਂ ਵਿੱਚੋਂ ਨਕਦੀ ਚੋਰੀ ਕਰਦੇ ਦੇਖਿਆ ਗਿਆ। ਪੰਧੇਰ, ਜੋ ਪਹਿਲਾਂ ਹੀ ਅਜਿਹੇ ਅਪਰਾਧਾਂ ਲਈ ਹਿਰਾਸਤ ਵਿੱਚ ਹੈ, ਉੱਤੇ ਮੰਦਰਾਂ ਅਤੇ ਕਾਰੋਬਾਰਾਂ ਵਿੱਚ ਤੋੜ-ਭੰਨ ਕਰਨ ਅਤੇ ਪੈਸੇ ਚੋਰੀ ਕਰਨ ਦੇ ਪੰਜ ਹੋਰ ਦੋਸ਼ ਲਗਾਏ ਗਏ ਹਨ।

ATLAS ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar & Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

## ਸਿਹਤ ਸੰਬੰਧੀ



# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ




ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ "Rhino" ਦਾ ਮਤਲਬ ਹੁੰਦਾ ਹੈ "ਨੱਕ ਨਾਲ ਸਬੰਧਤ" ਅਤੇ "itis" ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ।

ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ 'ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ।

ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (Isopathic) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ।

ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

**Antihistamines (ਐਂਟੀਹਿਸਟੇਮਾਈਨਜ਼)**
**Topical Steroids (ਟੌਪੀਕਲ ਸਟੀਰੌਇਡਜ਼)**

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ 'ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ 'ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ 'ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ 'ਤੇ ਕੰਮ ਕਰਨ ਸਮੇਂ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ।

ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕੱਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ।

- ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ 'ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ।
- ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ।
- ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ।
- ਐਨਕਾਂ ਪਹਿਨਣ ਨਾਲ ਅੱਖਾਂ 'ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਉ
night & day recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।


*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca





ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ
☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.
Repairing, Polishing & Appraisals
Step-in and see our exclusive collections of Singapore, India, Pakistan and Custom-made 22K Jewellery
OFFICIAL AGENTS OF RADO WATCHES
ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ
6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਟੀਚਰ :-ਤੂੰ ਇੰਨੀ ਲੇਟ ਕਿਉਂ ਆਇਆ ਹੈ?

ਬੱਚਾ :-ਜੀ ਮੇਰੀ ਮੰਮੀ ਪਾਪਾ ਆਪਸ ਵਿੱਚ ਲੜਾ ਰਹੇ ਸਨ ਇਸ ਲਈ!

ਟੀਚਰ :-ਲੜ ਤਾਂ ਉਹ ਰਹੇ ਸਨ ਪਰ ਤੂੰ ਲੇਟ ਕਿਉਂ ਆਇਆ?

ਬੱਚਾ: ਕਿਉਂਕਿ ਮੇਰਾ ਇਕ ਬੂਟ ਮੰਮੀ ਦੇ ਹੱਥ ਵਿੱਚ ਸੀ ਤੇ ਦੂਜਾ ਪਾਪਾ ਦੇ ਹੱਥ ਚ !

------------------------------

ਪਤਨੀ:- ਤੁਹਾਨੂੰ ਪਤਾ ਸਾਡੇ ਪਿੰਡ ਚ ਪਹਿਲਾਂ ਰੇ-ਡੀਓ ਮੇਰੇ ਪਾਪਾ ਲੈ ਕੇ ਆਏ ਸਨ!

ਪਤੀ: ਆਪਣੀ ਮਾਂ ਦੇ ਵਾਰੇ ਇੰਝ ਨਹੀਂ ਬੋਲਦੇ ਪਾਗਲ!

------------------------------

ਲੜਕਾ: ( ਲੜਕੀ ਦੇ ਪਿਤਾ ਨੂੰ) ਮੈਂ ਤੁਹਾਡੀ ਬੇਟੀ ਵਿਆਹ ਕਰਵਾਉਣਾਂ ਚਹੁੰਦਾਂ!

ਪਿਤਾ :-ਕਿੰਨਾ ਕਮਾ ਲੈਂਦਾ ਹੈ?

ਲੜਕਾ :ਜੀ ਅਠਾਰਾਂ ਹਜ਼ਾਰ ਰੁਪਏ ਮਹੀਨਾ!

ਪਿਤਾ:ਓਏ ਪੰਦਰਾਂ ਹਜਾਰ ਰੁਪਏ ਤਾਂ ਮੈਂ ਆਪਣੀ ਬੇਟੀ ਨੂੰ ਪੈਕਟ ਮਨੀ ਦਿੰਦਾ ਹਾਂ

ਲੜਕਾ: ਜੀ ਉਹ 15 ਹਜ਼ਾਰ ਮਿਲਾ ਕੇ ਹੀ ਕੁਲ ਕਮਾਈ ਦੱਸ ਰਿਹਾ ਹਾਂ ਅੰਕਲ!

ਪੰਜਾਬੀ ਬਹੁਤ ਹੀ ਸ਼ਕਤੀਸ਼ਾਲੀ ਭਾਸ਼ਾ ਹੈ।

ਏਨੀ ਸ਼ਕਤੀਸ਼ਾਲੀ ਭਾਸ਼ਾ ਕਿ ਜਦੋਂ ਪਤਨੀਆਂ ਕਹਿੰਦੀਆਂ ਹਨ, ''ਪੰਜਾਬੀ ਵਿੱਚ ਸਮਝਾਵਾਂ?'' ਤਾਂ ਸਾਰੇ ਪਤੀ ਝੱਟ ਸਮਝ ਜਾਂਦੇ ਹਨ।

--------------------------------

ਪ੍ਰੇਮਿਕਾ, ''ਕੀ ਤੂੰ ਮੇਰੇ ਨਾਲ ਪਿਆਰ ਕਰਦਾ ਏਂ?''

ਪ੍ਰੇਮੀ, ''ਹਾਂ।''

ਪ੍ਰੇਮਿਕਾ, ''...ਪਰ ਤੈਨੂੰ ਤਾਂ ਮੇਰੀ ਕੋਈ ਪ੍ਰਵਾਹ ਹੀ ਨਹੀਂ।''

ਪ੍ਰੇਮੀ, ''ਪਿਆਰ ਕਰਨ ਵਾਲੇ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਹੁੰਦੇ।''

ਕੱਲ੍ਹ ਰਾਤ ਖੁਦ ਯਮਰਾਜ ਮੇਰੇ ਸੁਫਨੇ ਵਿੱਚ ਆਏ ਅਤੇ ਕਹਿਣ ਲੱਗੇ, ''ਤੇਰੀ ਜਾਨ ਲੈਣ ਆਇਆ ਹਾਂ।''

ਮੈਂ ਵੀ ਕਹਿ ਦਿੱਤਾ, ''ਲੈ ਜਾਓ, ਮੇਰੇ ਨਾਲ ਦੇ ਘਰ ਵਿੱਚ ਹੀ ਰਹਿੰਦੀ ਹੈ।''

--------------------

## ਸਿਆਣੇ ਵਕੀਲ!

ਜਹਾਜ਼ ਵਿੱਚ ਪਾਇਲਟ ਤੋਂ ਇਲਾਵਾ ਚਾਰ ਲੋਕ, ਇੱਕ ਡਾਕਟਰ, ਇੱਕ ਨੌਜਵਾਨ, ਇੱਕ ਵਕੀਲ ਅਤੇ ਇੱਕ ਬਜ਼ੁਰਗ ਵਿਅਕਤੀ ਸਵਾਰ ਸਨ।

ਉਡਾਣ ਦੌਰਾਨ ਅਚਾਨਕ ਜਹਾਜ਼ ਦਾ ਇੰਜਣ ਖ਼ਰਾਬ ਹੋ ਗਿਆ, ਪਾਇਲਟ ਨੇ ਐਲਾਨ ਕਰ ਦਿੱਤਾ, "ਹੁਣ ਇਸ ਜਹਾਜ਼ ਦਾ ਬਚਣਾ ਸੰਭਵ ਨਹੀਂ ਹੈ। ਮੇਰੇ ਕੋਲ ਮੇਰਾ ਪੈਰਾਸ਼ੂਟ ਹੈ, ਮੈਂ ਛਾਲ ਮਾਰ ਰਿਹਾ ਹਾਂ ਅਤੇ ਜਹਾਜ਼ ਵਿੱਚ ਸਿਰਫ਼ ਤਿੰਨ ਪੈਰਾਸ਼ੂਟ ਹਨ ਇੱਕ ਨੂੰ ਮਰਨਾ ਪਵੇਗਾ।"ਇਹ ਸੁਣ ਕੇ ਡਾਕਟਰ ਨੇ ਕਿਹਾ, "ਮੈਨੂੰ ਬਚਾਉਣਾ ਜ਼ਰੂਰੀ ਹੈ, ਮੈਨੂੰ ਲੋਕਾਂ ਦੀ ਲੋੜ ਹੈ, ਇਹ ਕਹਿ ਕੇ ਉਸ ਨੇ ਪੈਰਾਸ਼ੂਟ ਚੁੱਕਿਆ ਅਤੇ ਛਾਲ ਮਾਰ ਦਿੱਤੀ।"ਹੁਣ ਦੋ ਪੈਰਾਸ਼ੂਟ ਬਚੇ ਸਨ, ਵਕੀਲ ਆਪਣੀ ਥਾਂ ਤੋਂ ਉਠਿਆ ਅਤੇ ਕਿਹਾ, "ਮੈਂ ਹੁਣੇ ਇੱਕ ਜ਼ਰੂਰੀ ਕੇਸ ਲਈ ਲਾਬੀ ਕਰਨ ਗਿਆ ਹਾਂ ਜਿਸ ਵਿੱਚ ਬਹੁਤ ਸਾਰੇ ਲੋਕਾਂ ਦੀ ਜਾਨ ਦਾ ਸਵਾਲ ਹੈ ਅਤੇ ਵੈਸੇ ਵੀ ਲੋਕਾਂ ਨੂੰ ਮੇਰੀ ਜ਼ਰੂਰਤ ਹੈ, ਇਸ ਲਈ ਮੇਰਾ ਬਚਣਾ ਜ਼ਰੂਰੀ ਹੈ।ਉਸਨੇ ਵੀ ਇੱਕ ਪੈਰਾਸ਼ੂਟ ਚੁੱਕਿਆ ਅਤੇ ਛਾਲ ਮਾਰ ਦਿੱਤੀ।"ਹੁਣ ਸਿਰਫ ਇੱਕ ਪੈਰਾਸ਼ੂਟ ਬਚਿਆ ਸੀ।ਬੁੱਢੇ ਨੇ ਨੌਜਵਾਨ ਵੱਲ ਦੇਖ ਕੇ ਕਿਹਾ,




"ਬੇਟਾ, ਮੈਂ ਆਪਣੀ ਜ਼ਿੰਦਗੀ ਜੀਅ ਲਿਆ ਹੈ ਅਤੇ ਦੋ-ਚਾਰ ਸਾਲਾਂ ਵਿੱਚ ਮਰਨ ਵਾਲਾ ਹਾਂ, ਤੇਰੇ ਸਾਹਮਣੇ ਤੇਰੀ ਸਾਰੀ ਜ਼ਿੰਦਗੀ ਹੈ, ਇਹ ਚੁੱਕ ਲੈ। ਪੈਰਾਸ਼ੂਟ ਅਤੇ ਛਾਲ ਮਾਰੋ।"ਬੱਚੇ ਨੇ ਕਿਹਾ, "ਚਿੰਤਾ ਨਾ ਕਰੋ, ਅਸੀਂ ਦੋਵੇਂ ਬਚ ਜਾਵਾਂਗੇ, ਵਕੀਲ ਨੇ ਪੈਰਾਸ਼ੂਟ ਦੀ ਬਜਾਏ ਮੇਰੇ ਕੱਪੜਿਆਂ ਦਾ ਬੈਗ ਲੈ ਕੇ ਛਾਲ ਮਾਰ ਦਿੱਤੀ ਹੈ।"

--------------------------------

## ਇੱਕ ਬਹਾਦਰ ਵਕੀਲ ਦੀ ਕਹਾਣੀ!

ਦੰਦਾਂ ਦੇ ਡਾਕਟਰ ਨੇ ਵਕੀਲ ਨੂੰ ਦੰਦ ਕਢਵਾਉਣ ਦੀ ਕੀਮਤ ਦੱਸੀ, 1200/- ਰੁਪਏ!

ਵਕੀਲ : ਕੋਈ ਸਸਤਾ ਇਲਾਜ ਨਹੀਂ ਹੈ ਡਾਕਟਰ ?

ਡਾਕਟਰ : 300 ਰੁਪਏ ਵਿੱਚ ਬਿਨਾਂ ਬੇਹੋਸ਼ੀ ਦੀ ਦਵਾਈ ਨਾਲ ਜਾਵੇਗਾ, ਪਰ ਦਰਦ ਬਹੁਤ ਸਹਿਣਾ ਪਵੇਗਾ।

ਵਕੀਲ: ਠੀਕ ਹੈ ਡਾਕਟਰ, ਬਿਨਾਂ ਬੇਹੋਸ਼ੀ ਦੀ ਦਵਾਈ ਦੇ ਕਰੋ।

ਡਾਕਟਰ ਨੇ ਦੰਦ ਕੱਢ ਦਿੱਤਾ! ਡਾਕਟਰ ਹੈਰਾਨ ਸੀ ਕਿ ਵਕੀਲ ਦਰਦ ਨਾਲ ਰੋਇਆ ਵੀ ਨਹੀਂ, ਸਗੋਂ ਮੁਸਕਰਾਉਂਦਾ ਰਿਹਾ!ਡਾਕਟਰ ਨੇ 300 ਰੁਪਏ ਵੀ ਨਹੀਂ ਲਏ ਸਗੋਂ ਆਪਣੀ ਤਰਫੋਂ ਉਸ ਨੂੰ 500/- ਰੁਪਏ ਦਾ ਇਨਾਮ ਦਿੱਤਾ ਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਅਜਿਹਾ ਬਹਾਦਰ ਵਿਅਕਤੀ ਕਦੇ ਨਹੀਂ ਦੇਖਿਆ ਸੀ।ਸ਼ਾਮ ਨੂੰ ਡਾਕਟਰਾਂ ਦੇ ਕਲੱਬ ਵਿੱਚ ਹੋਰ ਡਾਕਟਰਾਂ ਨਾਲ, ਉਸਨੇ ਵਕੀਲ ਦੀ ਹਿੰਮਤ ਬਾਰੇ ਇੱਕ ਕਿੱਸਾ ਸਾਂਝਾ ਕੀਤਾ!ਸਾਰੇ ਡਾਕਟਰਾਂ ਵਿੱਚੋਂ ਇੱਕ ਡਾਕਟਰ ਉੱਠਿਆ ਅਤੇ ਉੱਚੀ-ਉੱਚੀ ਬੋਲਿਆ, "ਉਏ, ਉਹ ਵਕੀਲ ਪਹਿਲਾਂ ਮੇਰੇ ਕੋਲ ਆਇਆ ਸੀ! ਮੈਂ ਉਸਨੂੰ ਬੇਹੋਸ਼ੀ ਦੀ ਦਵਾਈ ਦਿੱਤੀ ਅਤੇ ਉਸਨੂੰ ਅੱਧਾ ਘੰਟਾ ਬਾਹਰ ਇੰਤਜ਼ਾਰ ਕਰਨ ਲਈ ਕਿਹਾ! ਅੱਧੇ ਘੰਟੇ ਬਾਅਦ ਜਦੋਂ ਮੈਂ ਉਸਨੂੰ ਬੁਲਾਇਆ ਤਾਂ ਮੈਨੂੰ ਪਤਾ ਲੱਗਿਆ ਕਿ ਉਹ ਭੱਜ ਗਿਆ ਸੀ!

--------------------------------

## ਬੁਧੀਮਾਨ ਡਾਕਟਰ

ਇੱਕ ਡਾਕਟਰ ਨੇ ਨਵਾਂ ਕਲੀਨਿਕ ਖੋਲ੍ਹਿਆ ਅਤੇ ਬਾਹਰ ਇੱਕ ਬੋਰਡ ਟੰਗ ਦਿੱਤਾ, ਜਿਸ 'ਤੇ ਲਿਖਿਆ ਸੀ, "ਕਿਸੇ ਵੀ ਬਿਮਾਰੀ ਦਾ ਇਲਾਜ ਸਿਰਫ਼ 300/- ਰੁਪਏ ਵਿੱਚ ਕਰਵਾਉ ਅਤੇ ਜੇਕਰ ਅਸੀਂ ਤੁਹਾਡਾ ਇਲਾਜ ਨਹੀਂ ਕਰ ਸਕੇ ਤਾਂ ਅਸੀਂ ਤੁਹਾਨੂੰ 1000/- ਰੁਪਏ ਦੇਵਾਂਗੇ"।ਇਸ ਬੋਰਡ ਨੂੰ ਪੜ੍ਹ ਕੇ ਇੱਕ ਦਿਨ ਇੱਕ ਆਦਮੀ ਦੇ ਮਨ ਵਿੱਚ ਖਿਆਲ ਆਇਆ ਕਿ ਕਿਉਂ ਨਾ ਕੋਈ ਚਾਲ ਚਲਾ ਕੇ 1000/- ਰੁਪਏ ਕਮਾਈਏ। ਇਹ ਸੋਚ ਕੇ ਉਹ ਆਦਮੀ ਡਾਕਟਰ ਕੋਲ ਪਹੁੰਚ ਗਿਆ।

ਡਾਕਟਰ: ਆ ਬੈਠੋ, ਦੱਸ ਤੈਨੂੰ ਕੀ ਹੋਇਆ?

ਆਦਮੀ: ਡਾਕਟਰ ਜੀ, ਮੇਰਾ ਸੁਆਦ ਖਤਮ ਹੋ ਗਿਆ ਹੈ। ਜਦੋਂ ਮੈਂ ਕੁਝ ਖਾਂਦਾ ਜਾਂ ਪੀਂਦਾ ਹਾਂ ਤਾਂ ਮੈਨੂੰ ਸਵਾਦ ਦਾ ਵੀ ਪਤਾ ਨਹੀਂ ਹੁੰਦਾ।

ਡਾਕਟਰ ਨੇ ਸਾਰੀ ਗੱਲ ਸੁਣੀ ਅਤੇ ਨਰਸ ਨੂੰ 22 ਨੰਬਰ ਦੀ ਬੋਤਲ ਵਿੱਚੋਂ ਕੁਝ ਬੂੰਦਾਂ ਆਪਣੀ ਜੀਭ 'ਤੇ ਪਾਉਣ ਲਈ ਕਿਹਾ।

ਜਿਵੇਂ ਹੀ ਨਰਸ ਨੇ ਬੂੰਦਾਂ ਆਦਮੀ ਦੀ ਜੀਭ 'ਤੇ ਪਾਈਆਂ, ਆਦਮੀ ਉੱਚੀ ਉੱਚੀ ਬੋਲਿਆ, "ਇਹ ਪਿਸ਼ਾਬ ਹੈ।"

ਡਾਕਟਰ: ਮੁਬਾਰਕਾਂ ਤੁਹਾਡਾ ਸੁਆਦ ਵਾਪਸ ਆ ਗਿਆ ਹੈ।

ਉਹ ਆਦਮੀ ਬਹੁਤ ਸ਼ਰਮਿੰਦਾ ਸੀ ਅਤੇ ਉਸਨੂੰ 300/- ਰੁਪਏ ਵੀ ਗੁਆਉਣੇ ਪਏ।

ਕੁਝ ਦਿਨਾਂ ਬਾਅਦ ਉਹ ਫਿਰ ਆਪਣਾ ਹਿਸਾਬ-ਕਿਤਾਬ ਨਿਪਟਾਉਣ ਲਈ ਡਾਕਟਰ ਕੋਲ ਪਹੁੰਚ ਗਿਆ।

ਡਾਕਟਰ : ਹੁਣ ਕੀ ਹੋਇਆ ?

ਆਦਮੀ: ਡਾਕਟਰ, ਮੇਰੀ ਯਾਦਦਾਸ਼ਤ ਖਤਮ ਹੋ ਗਈ ਹੈ।

ਡਾਕਟਰ ਨੇ ਨਰਸ ਨੂੰ ਕਿਹਾ ਕਿ 22 ਨੰਬਰ ਦੀ ਬੋਤਲ ਵਿੱਚੋਂ ਦਵਾਈ ਕੱਢ ਕੇ ਉਨ੍ਹਾਂ ਨੂੰ ਦੇ ਦਿਓ।

ਇਹ ਸੁਣ ਕੇ ਉਹ ਆਦਮੀ ਝੱਟ ਬੋਲਿਆ, "ਡਾਕਟਰ, ਉਹ ਦਵਾਈ ਤਾਂ ਸੁਆਦ ਨੂੰ ਵਾਪਸ ਲਿਆਉਣ ਲਈ ਹੈ, ਹੈ ਨਾ?"

ਡਾਕਟਰ: ਵਧਾਈ, ਤੁਹਾਡੀ ਯਾਦਦਾਸ਼ਤ ਵੀ ਵਾਪਸ ਆ ਗਈ ਹੈ।

ਪਤਨੀ - ਸੁਣੋ ਜਦੋਂ ਸਾਡਾ ਨਵਾਂ ਨਵਾ ਵਿਆਹ ਹੋਇਆਂ ਸੀ,

ਉਸ ਸਮੇਂ ਜਦੋਂ ਮੈਂ ਖਾਣਾ ਪਕਾਉਂਦਾ ਸੀ, ਤੁਸੀਂ ਖੁਦ ਘੱਟ ਖਾਂਦੇ ਸੀ,

ਮੈਨੂੰ ਬਹੁਤ ਖੁਆਇਆ ਕਰਦੇ ਸੀ।

ਪਤੀ - ਤਾਂ ?

ਪਤਨੀ - ਫਿਰ ਤੁਸੀਂ ਹੁਣ ਅਜਿਹਾ ਕਿਉਂ ਨਹੀਂ ਕਰਦੇ?

ਪਤੀ - ਕਿਉਂਕਿ ਹੁਣ ਤੂੰ ਚੰਗੀ ਤਰ੍ਹਾਂ ਖਾਣਾ ਬਣਾਉਣਾ ਸਿੱਖ ਲਿਆ ਹੈ ...

ਇੱਕ ਵਾਰ ਇੱਕ ਅਮਲੀ ਡਬਲ ਡੈਕਰ ਬੱਸ ਵਿੱਚ ਚੜ੍ਹ ਗਿਆ... ਕੰਡਕਟਰ ਨੇ ਟਿਕਟ ਕੱਟ ਉਸਨੂੰ ਉੱਪਰ ਭੇਜ ਦਿੱਤਾ, ਸੰਤਾਜਦੋਂ ਬੱਸ ਚੱਲੀ ਤਾਂ ਅਮਲੀ ਭੱਜਦਾ ਹੋਇਆ ਵਾਪਸ ਕੰਡਕਟਰ ਕੋਲ ਆਇਆ ਅਤੇ ਕਿਹਾ।

" ਸਾਲਿਆ ਆਪਣੇਂ ਜੀਜੇ ਨੂੰ ਮਰਵਾਉਂਣੈ, ਉਪਰ ਤਾਂ ਡਰਾਈਵਰ ਹੀ ਨਹੀਂ"

********

ਇੱਕ ਆਦਮੀ ਦੋ ਮਹੀਨੇ ਤੋਂ ਹਸਪਤਾਲ ਵਿੱਚ ਸੀ.. ਜਦੋਂ ਉਸ ਨੂੰ ਡਿਸਚਾਰਜ ਕਰਨ ਲੱਗੇ ਤਾਂ ਉਸ ਨੇ ਮਹਿਸੂਸ ਕੀਤਾ ਕਿ ਉਸ ਨੂੰ ਨਰਸ ਨਾਲ ਪਿਆਰ ਹੋ ਗਿਆ ਹੈ ਤੇ ਨਰਸ ਨੂੰ ਦਿਲ ਦੀ ਗੱਲ ਕਹਿਣੀ ਚਾਹੀਦੀ ਹੈ, ਉਸ ਨੇ ਜਿਵੇਂ ਹੀ ਨਰਸ ਨੂੰ ਦੇਖਿਆ ਤਾਂ ਬੋਲਿਆ, ''ਆਈ ਲਵ ਯੂ ਨਰਸ, ਤੂੰ ਤਾਂ ਮੇਰਾ ਦਿਲ ਹੀ ਚੋਰੀ ਕਰ ਲਿਆ ਹੈ।''

ਨਰਸ (ਘਬਰਾ ਕੇ),''ਸਹੁੰ ਲੱਗੇ ਜੀ, ਦਿਲ ਨੂੰ ਅਸੀਂ ਹੱਥ ਹੀ ਨਹੀਂ ਲਾਇਆ, ਅਸੀਂ ਤਾਂ ਸਿਰਫ਼ ਤੁਹਾਡੀ ਕਿਡਨੀ ਚੋਰੀ ਕੀਤੀ ਹੈ।''

ਨਰੇਸ਼ ਦਾ ਵਿਆਹ ਇਕ ਅਨਪੜ੍ਹ ਔਰਤ ਨਾਲ ਹੋ ਗਿਆ। ਵਿਆਹ ਦੀ ਪਹਿਲੀ ਰਾਤ ਪਤਨੀ ਉਸ ਨੂੰ ਕਹਿਣ ਲੱਗੀ, "ਤੁਸੀਂ ਤਾਂ ਬੜੇ ਹੀ ਚੰਗੇ ਤੇ ਦਿਆਲੂ ਇਨਸਾਨ ਹੋ ਜੀ। ਤੁਸੀਂ ਤਾਂ ਮੇਰਾ ਉਦਾਰ ਹੀ ਕਰ ਦਿੱਤਾ।"ਇਸ 'ਤੇ ਨਰੇਸ਼ ਬੋਲਿਆ, "ਅਜਿਹੀ ਕੋਈ ਗੱਲ ਨਹੀਂ।"

ਪਤਨੀ ਬੋਲੀ, "ਮੇਰੀ ਭਾਬੀ ਤੇ ਮੇਰੀ ਚਾਚੀ ਹਮੇਸ਼ਾ ਮੈਨੂੰ ਸੁਣਾਉਂਦੀਆਂ ਰਹਿੰਦੀਆਂ ਸਨ ਕਿ ਤੇਰੇ ਵਰਗੀ ਬੇਵਕੂਫ ਨਾਲ ਤਾਂ ਕੋਈ ਗਧਾ ਹੀ ਵਿਆਹ ਕਰਵਾਏਗਾ ਅਤੇ ਤੇਰਾ ਉਦਾਰ ਕਰੇਗਾ।"

*************

ਮਾਸਟਰ ਜੀ ਨੇ ਵਿਦਿਆਰਥੀ ਦਾ ਪੂਰਾ ਲੰਚ ਖਾ ਲਿਆ ਅਤੇ ਬੋਲੇ, "ਬੇਟਾ, ਘਰ ਜਾ ਕੇ ਮੇਰਾ ਨਾਂ ਤਾਂ ਨਹੀਂ ਲਵੇਂਗਾ ਕਿ ਮੈਂ ਤੇਰਾ ਲੰਚ ਖਾ ਲਿਆ?"

ਬੱਚਾ ਮਾਸੂਮੀਅਤ ਨਾਲ ਬੋਲਿਆ, "ਨਹੀਂ ਮਾਸਟਰ ਜੀ, ਘਰ ਜਾ ਕੇ ਬੋਲ ਦੇਵਾਂਗਾ ਕਿ ਮੇਰਾ ਲੰਚ ਕੁੱਤਾ ਖਾ ਗਿਆ।"

*************

3 ਵੱਖ-ਵੱਖ ਸ਼ਹਿਰਾਂ ਤੋਂ ਗੋਆ ਘੁੰਮਣ ਆਏ ਬੱਚੇ ਆਪੋ-ਆਪਣੇ ਸ਼ਹਿਰਾਂ ਵਿੱਚ ਪੈ ਰਹੀ ਸਰਦੀ ਦੀਆਂ ਗੱਲਾਂ ਕਰ ਰਹੇ ਸਨ।

ਪਹਿਲਾ ਬੱਚਾ : ਸਾਡੇ ਇੰਨੀ ਠੰਡ ਹੈ ਕਿ ਜਦੋਂ ਅਸੀਂ ਸਵੇਰੇ ਪਾਣੀ ਲਈ ਟੂਟੀ ਖੋਲ੍ਹਦੇ ਹਾਂ ਤਾਂ ਬਰਫ ਨਿਕਲਦੀ ਹੈ।

ਦੂਸਰਾ ਬੱਚਾ: ਬੱਸ ਇਹੀ ਹੈ... ਸਾਡੇ ਤਾਂ ਇੰਨੀ ਠੰਡ ਹੈ ਕਿ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਜੰਮ ਜਾਂਦੀ ਹੈ ਅਤੇ ਫਿਰ ਅਸੀਂ ਇਸਨੂੰ ਅੱਗ 'ਤੇ ਪਿਘ਼ਲਾ ਕੇ ਸੁਣਦੇ ਹਾਂ।

ਆਖ਼ਰ ਜਦੋਂ ਤੀਜੇ ਬੱਚੇ ਦੀ ਵਾਰੀ ਆਈ ਤਾਂ ਉਸ ਨੇ ਸੋਚਿਆ ਕਿ ਇਹ ਦੋਵੇਂ ਤਾਂ ਪਹਿਲਾਂ ਹੀ ਇੰਨੀ ਲੰਬੀ ਲੰਬੀ ਕਹਿ ਚੁੱਕੇ ਹਨ, ਹੁਣ ਮੈਂ ਕੀ ਕਰਾਂ।

ਤਾਂ ਉਹ ਸਿਰ ਖੁਰਕਣ ਲੱਗਾ ਤੇ ਆਪਣੇ ਸ਼ਰਾਰਤੀ ਮਨ ਨਾਲ ਬੋਲਿਆ, "ਓਏ, ਇਹ ਕੁਝ ਨਹੀਂ ਹੈ ... ਇੱਕ ਦਿਨ ਸਾਡੇ ਘਰ ਮਹਿਮਾਨ ਆਏ, ਉਨ੍ਹਾਂ ਦੇ ਜਾਣ ਤੋਂ ਬਾਅਦ ਅਸੀਂ ਸੋਫੇ 'ਤੇ ਬਰਫ਼ ਦਾ ਇੱਕ ਗੋਲਾ ਪਿਆ ਦੇਖਿਆ, ਜਦੋਂ ਉਸਨੂੰ ਪਿਘਲਾਇਆ ਤਾਂ ਆਵਾਜ਼ ਆਈ, ਪੂ..ਰ..ਓ...ਓ..ਓ....!

********

ਸੰਤਾ: ਪੱਪੂ, ਤੇਰੇ ਇਮਤਿਹਾਨ ਹੋਗਿਆ?

ਪੱਪੂ: ਹਾਂ ਪਾਪਾ।

ਸੰਤਾ: ਇਮਤਿਹਾਨ ਦਾ ਨਤੀਜਾ ਕੀ ਰਿਹਾ?

ਪੱਪੂ : ਪਾਪਾ, ਇੱਕ ਚੰਗੀ ਖ਼ਬਰ ਹੈ ਅਤੇ ਇੱਕ ਬੁਰੀ ਖ਼ਬਰ ਹੈ, ਹੁਣ ਤੁਸੀਂ ਦੱਸੋ ਮੈਂ ਪਹਿਲਾਂ ਕਿਹੜੀ ਦੱਸਾਂ?

ਸੰਤਾ: ਪਹਿਲਾਂ ਮੈਨੂੰ ਖੁਸ਼ਖਬਰੀ ਸੁਣਾਓ।

ਪੱਪੂ : ਹਾਂ ਮੈਂ ਪਾਸ ਹੋ ਗਿਆ ਹਾਂ।

ਸੰਤਾ: ਵਾਹ! ਅਤੇ ਬੁਰੀ ਖ਼ਬਰ ਕੀ ਹੈ?

ਪੱਪੂ: ਪਹਿਲੀ ਖ਼ਬਰ ਝੂਠੀ ਹੈ।









# FRASERVIEW MEATS

Fresh tastes better

*The Name of Guaranteed Quality Meats*



*Number One Quality Meat in Lower Mainland*

We also sell cooked chicken We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)

www.fraserviewmeats.com



# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




ਕੇ 50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**



ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



ਬੁੱਧਵਾਰ ਅਤੇ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਵੱਲੋਂ ਮੇਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵਾਹਿਗੁਰੂ ਸਿਮਰਨ ਕੀਤਾ ਜਾਂਦਾ ਹੈ

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ

*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ

*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ

*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ

*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30

*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ

*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ,
ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ




## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)